Vide R.N.I. No. Pun-Pun 2002/8323

ASR/0001/2021/23

ੴ ਸਤਿਗੁਰ ਪ੍ਰਸਾਦਿ ।।

ਸਚੀ ਤੇਰੀ ਸਿਫਤਿ ਸਚੀ ਸਾਲਾਹ ॥ ਸਚੀ ਤੇਰੀ ਕੁਦਰਤਿ ਸਚੇ ਪਾਤਿਸਾਹ ॥

ਭੇਟਾ: 25/-

ਧੰਨ ਧੰਨ ਮਾਤਾ ਕੌਲਾਂ ਜੀ

# ਸਿਫਤਿ ਸਾਲਾਹ

ਨਿਰੋਲ ਧਾਰਮਿਕ ਪੱਤ੍ਰਿਕਾ

D.O.P. 15 Nov. 2021

ਅੰਕ: 142

ਧੰਨ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਦੇ ਆਗਮਨ ਦੀਆਂ ਪ੍ਰਤੱਖ ਝਲਕੀਆਂ

ਅੰਦਰ ਪੜ੍ਹੋ ਜੀ



ਧੰਨ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਦੇ ਪ੍ਰਕਾਸ਼ ਗੁਰਪੁਰਬ ਦੀਆਂ ਸਮੂਹ ਸੰਗਤਾਂ ਨੂੰ ਬੇਅੰਤ ਵਧਾਈਆਂ ਜੀ !

# ਸ੍ਰਿਸ਼ਟੀ ਦੀ ਚਾਦਰ ਲਿਖਣ ਭਗਤੀ ਲਹਿਰ ਨੂੰ ਸਮਰਪਿਤ

ਬੀਬੀ ਕੌਲਾਂ ਜੀ ਭਲਾਈ ਕੇਂਦਰ ਟਰੱਸਟ ਅਤੇ ਭਾਈ ਸਾਹਿਬ ਭਾਈ ਗੁਰਇਕਬਾਲ ਸਿੰਘ ਜੀ ਵੱਲੋਂ ਲਿਖਣ ਭਗਤੀ ਲਹਿਰ ਚਲਾਈ ਗਈ ਜਿਸ ਤਹਿਤ ਦੇਸ਼ਾਂ ਵਿਦੇਸ਼ਾਂ ਤੋਂ ਬੱਚਿਆਂ ਅਤੇ ਵੱਡਿਆਂ ਨੇ ਬੜੇ ਉਤਸ਼ਾਹ ਅਤੇ ਸ਼ਰਧਾ ਨਾਲ 8 ਸਾਲ ਤੱਕ ਦੇ ਬੱਚਿਆਂ ਨੇ 6500 ਵਾਰੀ, 15 ਸਾਲ ਤੱਕ ਦੇ ਬੱਚਿਆਂ ਨੇ 13000 ਵਾਰੀ ਅਤੇ 25 ਸਾਲ ਤੋਂ ਵੱਡੀ ਉਮਰ ਵਾਲਿਆਂ ਨੇ 21000 ਵਾਰੀ ਕਾਪੀਆਂ ਤੇ ਵਾਹਿਗੁਰੂ ਗੁਰਮੰਤਰ ਲਿਖਣ ਦੀ ਹਾਜ਼ਰੀ ਲਗਾਈ। ਇਸ ਲਹਿਰ ਵਿੱਚ 29000 ਤੋਂ ਵੀ ਵੱਧ ਬੱਚਿਆਂ ਨੇ ਭਾਗ ਲਿਆ। ਸ੍ਰੀ ਅੰਮ੍ਰਿਤਸਰ, ਸ੍ਰੀ ਪਹੁਵਿੰਡ ਸਾਹਿਬ, ਪੱਟੀ, ਲੁਧਿਆਣਾ, ਪਟਿਆਲਾ, ਰਾਜਪੁਰਾ, ਸਮਾਣਾ, ਨਾਭਾ, ਦੇਵੀਗੜ੍ਹ, ਸ਼ਾਹਜਹਾਨਪੁਰ, ਦਿੱਲੀ, ਫਿਰੋਜ਼ਪੁਰ, ਫਾਜਿਲਕਾ, ਜਲੰਧਰ, ਬਠਿੰਡਾ, ਚੰਡੀਗੜ੍ਹ, ਜ਼ੀਰਕਪੁਰ, ਮੋਹਾਲੀ, ਰੋਪੜ, ਨੰਗਲ ਅਤੇ ਹੋਰ ਸ਼ਹਿਰਾਂ ਵਿਚ ਬੱਚਿਆਂ ਨੂੰ ਵੱਡੇ ਇਨਾਮਾਂ ਦੇ ਕੂਪਨ ਅਤੇ ਸਤਿਕਾਰ ਵਿੱਚ ਛੋਟੇ ਬੱਚਿਆਂ ਨੂੰ ਬੋਤਲ ਤੇ ਵੱਡੇ ਬੱਚਿਆਂ ਨੂੰ ਪਿੱਠੂ ਬੈਗ ਵੰਡੇ ਗਏ ।

**400 ਵੱਡੇ ਇਨਾਮਾਂ ਦਾ ਵੇਰਵਾ**

ਜਿਨ੍ਹਾਂ ਵਿੱਚ 1 ਐਕਟਿਵਾ, 9 ਟੈਬ, 9 LED, 9 ਹਰਮੋਨੀਅਮ, 372 ਸਾਈਕਲ ਨਵੰਬਰ ਮਹੀਨੇ ਵਿੱਚ ਵਿਸ਼ੇਸ਼ ਸਮਾਗਮ ਤੇ ਕੱਢੇ ਜਾਣਗੇ।





















Asr. G.P.O.No. PB0001/ 2021-23

ੴ ਸਤਿਗੁਰ ਪ੍ਰਸਾਦਿ।।

ਅੰਕ-142ਵਾਂ (2021)

ਧੰਨ ਧੰਨ ਮਾਤਾ ਕੌਲਾਂ ਜੀ

# ਸਿਫਤਿ ਸਾਲਾਹ

ਨਿਰੋਲ ਧਾਰਮਿਕ ਪੱਤ੍ਰਿਕਾ

E-mail : sifitsalah@yahoo.com
Website : www.bibikaulanjibhalaikendertrust.org

**ਸਰਪ੍ਰਸਤ**
ਭਾਈ ਸਾਹਿਬ ਭਾਈ ਗੁਰਇਕਬਾਲ ਸਿੰਘ ਜੀ

**ਮੁੱਖ ਸੰਪਾਦਕ**
ਭਾਈ ਹਰਵਿੰਦਰ ਪਾਲ ਸਿੰਘ ਲਿਟਲ

**ਸਹਾਇਕ ਸੰਪਾਦਕ**
ਭਾਈ ਹਰਵਿੰਦਰ ਸਿੰਘ (ਡੀ ਸੀ)

**ਸੰਪਾਦਕੀ ਬੋਰਡ**
ਭਾਈ ਤੇਜਪਾਲ ਸਿੰਘ, ਭਾਈ ਪਾਲ ਸਿੰਘ, ਭਾਈ ਜਸਵਿੰਦਰ ਸਿੰਘ (ਪਟਿਆਲਾ)
ਬੀਬੀ ਪਰਮਜੀਤ ਕੌਰ (ਪੰਮਾ ਭੈਣ ਜੀ), ਭਾਈ ਅੰਮ੍ਰਿਤਪਾਲ ਸਿੰਘ, ਸ. ਕਮਲਪ੍ਰੀਤ ਸਿੰਘ
ਸ. ਕੁਲਬੀਰ ਸਿੰਘ (ਸਿਵਲ ਲਾਈਨ ਵਾਲੇ), ਸ. ਹਰਮਿੰਦਰ ਸਿੰਘ, ਸ. ਰਮਿੰਦਰ ਸਿੰਘ

**ਐਡਵੋਕੇਟ**
ਸ. ਸੁਰਿੰਦਰ ਸਿੰਘ ਕੰਵਰ

**ਸਲਾਹਕਾਰ**
ਸ. ਟਹਿਲਇੰਦਰ ਸਿੰਘ

**ਵਿਸ਼ੇਸ਼ ਸਹਿਯੋਗ**
ਸ. ਹਰਭਜਨ ਸਿੰਘ ਲੁਧਿਆਣਾ
ਸ. ਕੰਵਲਜੀਤ ਸਿੰਘ, ਦਿੱਲੀ

**ਪ੍ਰਕਾਸ਼ਕ**
ਗੁਰਮਤਿ ਸਤਿਸੰਗ ਸਭਾ
ਧੰਨ ਧੰਨ ਬੀਬੀ ਕੌਲਾਂ ਜੀ (ਰਜਿ.)
ਸ੍ਰੀ ਅੰਮ੍ਰਿਤਸਰ।

ਕੰਪਿਊਟਰ: ਸਿਫਤਿ ਸਾਲਾਹ ਦਫਤਰ

ਨਾਮ :- ਧੰਨ ਧੰਨ ਮਾਤਾ ਕੌਲਾਂ ਜੀ ਸਿਫਤਿ ਸਾਲਾਹ
ਖਾਤਾ ਨੰ. 55031111026 ਬੈਂਕ :- ਸਟੇਟ ਬੈਂਕ ਆਫ ਇੰਡੀਆ
IFSC ਕੋਡ ਨੰ. SBIN0050245
ਬ੍ਰਾਂਚ :- ਚਾਟੀਵਿੰਡ ਚੌਂਕ, ਅੰਮ੍ਰਿਤਸਰ।

**ਚੰਦਾ**

| ਦੇਸ਼ | | ਵਿਦੇਸ਼ | |
|---|---|---|---|
| ਸਲਾਨਾ ਚੰਦਾ | 150 ਰੁ. | ਸਲਾਨਾ ਚੰਦਾ | 1200 ਰੁ. |
| 2 ਸਾਲ ਲਈ | 300 ਰੁ. | 2 ਸਾਲ ਲਈ | 2400 ਰੁ. |
| 5 ਸਾਲ ਲਈ | 600 ਰੁ. | 5 ਸਾਲ ਲਈ | 4800 ਰੁ. |
| ਲਾਈਫ ਮੈਂਬਰਸ਼ਿਪ | 2400 ਰੁ. | ਲਾਈਫ ਮੈਂਬਰਸ਼ਿਪ | 19200 ਰੁ. |

**ਚਿੱਠੀ-ਪੱਤਰ ਅਤੇ ਚੰਦਾ ਭੇਜਣ ਦਾ ਪਤਾ**

ਦਫਤਰ: **ਸਿਫਤਿ ਸਾਲਾਹ**, ਬੀਬੀ ਕੌਲਾਂ ਜੀ ਭਲਾਈ ਕੇਂਦਰ (ਟਰੱਸਟ)
ਤਰਨ ਤਾਰਨ ਰੋਡ, ਸ੍ਰੀ ਅੰਮ੍ਰਿਤਸਰ-143006 ਫੋਨ : 98765-25850

## ਤਤਕਰਾ

ਸੰਪਾਦਕੀ 4
ਧੰਨ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਦੇ ਆਗਮਨ ਦੀਆਂ ਪ੍ਰਤੱਖ ਝਲਕੀਆਂ 5
ਜ਼ਿੰਦਗੀ ਦੀਆਂ ਬਰੀਕੀਆਂ 12
ਆਪਿ ਮੁਕਤੁ ਮੁਕਤ ਕਰੈ ਸੰਸਾਰੁ॥ 15
ਅਧਿਆਤਮਿਕ ਵਿਚਾਰਾਂ 17
ਨੌਂਵੇਂ ਪਾਤਸ਼ਾਹ ਜੀ ਦੇ ਸਲੋਕਾਂ ਦੀ ਵਿਚਾਰ 18
ਸਿੱਖ ਪੰਥ ਦੀਆਂ ਸਤਿਕਾਰਤ ਬੀਬੀਆਂ ਵਿੱਚੋਂ ਸਤਾਰ੍ਹਵਾਂ ਭਾਗ- ਧੰਨ ਧੰਨ ਮਾਤਾ ਅਜੀਤ ਕੌਰ ਜੀ 23
ਰਸਾਲਾ ਬੁੱਕ ਕਰਵਾਉਣ ਵਾਸਤੇ ਪਾਠਕਾਂ ਨੂੰ ਜ਼ਰੂਰੀ ਬੇਨਤੀ 31
ਜੀਵਨ ਇਲਾਹੀ ਜੋਤ ਧੰਨ ਧੰਨ ਬਾਬਾ ਨੰਦ ਸਿੰਘ ਜੀ 32
400 ਸਾਲ ਗੁਰ ਇਤਿਹਾਸ ਦੇ ਨਾਲ 35
ਅਨਮੋਲ ਬਚਨ 37
जिंदगी की बारीकियाँ 38
पटना साहिब से चमकौर साहिब तक शहीद बाबा संगत सिंघ जी का संक्षिप्त सर्वेक्षण 42
चार साहिबज़ादों की शहीदी दास्तान 47
What Type of Affection should we have for the Guru? Five Types of Affection 52
Which are the Ten Sins? 57

ਨੋਟ : ਸਿਫਤਿ ਸਾਲਾਹ ਵਿੱਚ ਛਪੇ ਲੇਖ ਤੇ ਰਚਨਾਵਾਂ ਦੇ ਵਿਚਾਰ ਲੇਖਕਾਂ ਦੇ ਆਪਣੇ ਹਨ, ਸੰਪਾਦਕੀ ਬੋਰਡ ਸਿਫਤਿ ਸਾਲਾਹ ਦਾ ਇਨ੍ਹਾਂ ਵਿਚਾਰਾਂ ਦੇ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ। -ਸੰਪਾਦਕ

# ਸੰਪਾਦਕੀ...

ਗੁਰੂ ਕੀ ਪਿਆਰੀ ਸਾਧ ਸੰਗਤ ਜੀ,

**ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫਤਹਿ॥**

ਸਿਫਤਿ ਸਾਲਾਹ ਦੇ ਕਾਲਮਾਂ ਰਾਹੀਂ ਇੱਕ ਬੜਾ ਹੀ ਪਿਆਰਾ ਪ੍ਰਕਰਨ ਸੰਗਤਾਂ ਦੇ ਰੂ-ਬ-ਰੂ ਕੀਤਾ ਜਾ ਰਿਹਾ ਹੈ ਤੇ ਉਹ ਹੈ, ਸਿੱਖ ਪੰਥ ਦੀਆਂ ਸਤਿਕਾਰਤ ਬੀਬੀਆਂ। ਕਿਸੇ ਇੱਕ ਸਤਿਕਾਰਯੋਗ ਬੀਬੀ ਜੀ ਦਾ ਜੀਵਨ ਫਲਸਫਾ ਲੈ ਕੇ ਉਸ ਦੇ ਹਰ ਪੱਖ ਨੂੰ ਸੰਗਤਾਂ ਤੱਕ ਪਹੁੰਚਾਉਣ ਦਾ ਇੱਕ ਨਿਮਾਣਾ ਜਿਹਾ ਉਪਰਾਲਾ ਸਤਿਗੁਰੂ ਜੀ ਦੀ ਕਿਰਪਾ ਤੇ ਭਾਈ ਸਾਹਿਬ ਭਾਈ ਗੁਰਇਕਬਾਲ ਸਿੰਘ ਜੀ ਦੀ ਪ੍ਰੇਰਨਾ ਨਾਲ ਸ਼ੁਰੂ ਕੀਤਾ ਹੋਇਆ ਹੈ। ਇਸ ਪ੍ਰਕਰਨ ਰਾਹੀਂ ਜੀਵਨ ਦੇ ਕਿੰਨੇ ਹੀ ਪਹਿਲੂ ਸਾਹਮਣੇ ਆ ਰਹੇ ਹਨ ਤੇ ਸਭ ਤੋਂ ਵੱਡਾ ਪਹਿਲੂ ਇਹ ਹੈ ਕਿ ਗੁਰੂ ਸਾਹਿਬਾਨ ਨੇ ਆਪਣੀਆਂ ਸਤਿਕਾਰਯੋਗ ਬੱਚੀਆਂ ਨੂੰ ਵਿਆਹ ਸਮੇਂ ਵਿਦਾ ਕਰਦੇ ਸਮੇਂ ਇਹੀ ਸਿੱਖਿਆ ਦਿੱਤੀ ਕਿ ਸਹੁਰੇ ਘਰ ਜਾ ਕੇ ਇਸ ਤਰ੍ਹਾਂ ਦੇ ਕਾਰਜ ਕਰਨੇ ਕਿ ਜਿਸ ਨਾਲ ਸਾਰਾ ਪਰਿਵਾਰ ਆਪਸ ਵਿੱਚ ਜੁੜਿਆ ਰਹੇ ਤੇ ਨਾਲ ਵੱਡਿਆਂ ਦਾ ਸਤਿਕਾਰ ਕਰਨਾ। ਬੜਾ ਜ਼ਰੂਰੀ ਹੈ, ਇਸ ਪਹਿਲੂ ਤੇ ਵਿਚਾਰ ਕਰਨੀ ਤੇ ਇਸ ਨੂੰ ਆਪਣੇ ਘਰਾਂ ਵਿੱਚ ਲਿਆਉਣਾ। ਸਤਿਗੁਰੂ ਜੀ ਦੇ ਨਿਰਮਲ ਭੈਅ ਵਿੱਚ ਹੀ ਇੱਥੇ ਲਿਖਿਆ ਜਾਂਦਾ ਹੈ ਕਿ ਅੱਜ ਪੰਜਾਬ ਦੀ ਕਿਸੀ ਕੋਰਟ ਵਿੱਚ ਜਾ ਕੇ ਦੇਖ ਲਈਏ, ਸਭ ਤੋਂ ਵੱਧ ਕੇਸ ਸਾਡੇ ਵਿਆਹੁਤਾ ਲੜਾਈ ਝਗੜੇ ਨਾਲ ਹੀ ਸੰਬੰਧਿਤ ਹਨ। ਤਲਾਕਾਂ ਦਾ ਪੰਜਾਬ ਵਿੱਚ ਹੜ੍ਹ ਹੀ ਆ ਗਿਆ ਹੈ। ਅਜਿਹਾ ਕੀ ਕਾਰਨ ਹੈ ਕਿ ਸਾਡਾ ਇੰਨਾ ਗੌਰਵਮਈ ਵਿਰਸਾ ਹੋਣ ਦੇ ਬਾਵਜੂਦ ਅਸੀਂ ਵਿਰਸੇ ਤੋਂ ਟੁੱਟ ਚੁੱਕੇ ਹਾਂ। ਅੱਜਕਲ੍ਹ ਦੇ ਪਰਿਵਾਰਕ ਤਣਾਓ ਨੂੰ ਦੇਖਦਿਆਂ ਇਹ ਮਹਿਸੂਸ ਹੀ ਨਹੀਂ ਹੁੰਦਾ ਕਿ ਸਾਡਾ ਇੰਨਾ ਸ਼ਾਨਾਮੱਤਾ ਇਤਿਹਾਸ ਹੈ ਤੇ ਸਾਡੇ ਵਡੇਰੀਆਂ ਉਹ ਮਾਤਾਵਾਂ, ਭੈਣਾਂ ਵੀ ਹਨ ਜਿਨ੍ਹਾਂ ਨੇ ਆਪਣੇ ਗ੍ਰਹਿਸਥੀ ਜੀਵਨ ਨੂੰ ਵੀ ਸੰਭਾਲਿਆ ਤੇ ਨਾਲ ਅਧਿਆਤਮਕ ਪੱਖ ਤੋਂ ਵੀ ਪੂਰੀਆਂ ਉਤਰੀਆਂ।

ਧੰਨ ਗੁਰੂ ਅਮਰਦਾਸ ਜੀ ਮਹਾਰਾਜ ਦੇ ਉਹ ਪਾਵਨ ਬੋਲ ਜਿਹੜੇ ਉਨ੍ਹਾਂ ਨੇ ਧੰਨ ਮਾਤਾ ਭਾਨੀ ਜੀ ਨੂੰ ਡੋਲੀ ਤੋਰਦੇ ਸਮੇਂ ਕਹੇ: ਬੱਚੀਏ, ਇਹ ਤਿੰਨ ਭੱਭੇ ਯਾਦ ਰੱਖੀਂ। ਭੱਭਾ ਭਾਣਾ ਜੀ, ਭੱਭਾ ਭੁੱਲ ਗਈ ਜੀ ਤੇ ਭੱਭਾ ਭਲਾ ਜੀ। ਇਹ ਦਹੇਜ ਵਿੱਚ ਦਿੱਤੇ ਤਿੰਨ ਭੱਭਿਆਂ ਨੇ ਧੰਨ ਮਾਤਾ ਭਾਨੀ ਜੀ ਦਾ ਲੋਕ ਪਰਲੋਕ ਸੰਵਾਰ ਦਿੱਤਾ। ਛੇਵੇਂ ਪਾਤਸ਼ਾਹ ਜੀ ਨੇ ਧੰਨ ਬੀਬੀ ਵੀਰੋ ਜੀ ਨੂੰ ਵੀ ਡੋਲੀ ਤੋਰਨ ਵੇਲੇ ਇਹੀਂ ਸਮਝਾਇਆ, ਸਹੁਰੇ ਘਰ ਜਾ ਕੇ ਵੱਡਿਆਂ ਦਾ ਸਤਿਕਾਰ ਕਰਨਾ, ਜਦੋਂ ਸਾਰੇ ਅਰਾਮ ਵਿੱਚ ਹੋ ਜਾਣ, ਫਿਰ ਅਰਾਮ ਵਿੱਚ ਹੋਣਾ ਤੇ ਬਾਕੀਆਂ ਦੇ ਉੱਠਣ ਤੋਂ ਪਹਿਲਾਂ ਉੱਠ ਜਾਣਾ ਤੇ ਗੁਰਬਾਣੀ ਦਾ ਨੇਮ ਸੰਭਾਲਣਾ। ਕਿੰਨੀਆਂ ਦਰਗਾਹੀ ਸਿੱਖਿਆਵਾਂ ਹਨ।

ਧੰਨ ਮਾਤਾ ਗੁਜਰ ਕੌਰ ਜੀ ਦੇ ਮਾਤਾ-ਪਿਤਾ ਜੀ ਨੇ ਵੀ ਡੋਲੀ ਤੋਰਨ ਵੇਲੇ ਮਾਤਾ ਜੀ ਨੂੰ ਇਹੀ ਸਿੱਖਿਆ ਦਿੱਤੀ, ਪਤੀ ਨੂੰ ਪਰਮੇਸ਼ਰ ਜਾਣ ਕੇ ਸੇਵਾ ਕਰਨੀ ਤੇ ਵੱਡਿਆਂ ਦਾ ਸਤਿਕਾਰ ਕਰਨਾ। ਜੇਕਰ ਇਤਿਹਾਸ ਦੇਖੀਏ ਸਾਡੇ ਗੁਰੂ ਸਾਹਿਬਾਨ ਦੇ ਮਹਿਲਾਂ ਨੇ ਕਿੰਨੀਆਂ ਕਠਿਨ ਘਾਲਣਾ ਘਾਲੀਆਂ। ਗ੍ਰਹਿਸਥੀ ਜੀਵਨ ਨੂੰ ਵੀ ਸੰਭਾਲਿਆ ਤੇ ਨਾਲ ਅਧਿਆਤਮਿਕ ਪੱਖ ਨੂੰ ਵੀ ਓਹਲੇ ਨਹੀਂ ਹੋਣ ਦਿੱਤਾ। ਅੱਜ ਆਪਣੇ ਮਹਾਨ ਵਿਰਸੇ ਨੂੰ ਸੰਭਾਲਦਿਆਂ, ਇਸ ਤੇ ਵਿਚਾਰ ਕਰਦਿਆਂ ਤੇ ਜੀਵਨ ਦਾ ਅੰਗ ਬਣਾਉਂਦਿਆਂ ਇਸ ਪੱਖ ਨੂੰ ਸੰਭਾਲਣ ਦੀ ਬਹੁਤ ਲੋੜ ਹੈ ਕਿ ਗ੍ਰਹਿਸਥੀ ਦੇ ਮਾਰਗ ਤੇ ਤੁਰਦਿਆਂ ਇੱਕ ਦੂਜੇ ਦੇ ਕਹੇ ਨੂੰ ਜਰਨਾ ਸਿੱਖੀਏ, ਵੱਡਿਆਂ ਦਾ ਸਤਿਕਾਰ ਕਰਨਾ ਸਿੱਖੀਏ। ਅੰਮ੍ਰਿਤ ਵੇਲੇ ਦਾ ਚੌਂਕੜਾ ਹਰ ਪਰਿਵਾਰ ਵਿੱਚ ਇੱਕ-ਇੱਕ ਜੀਅ ਦਾ ਹੋਵੇ। ਅੱਜ ਪੰਜਾਬ ਵਿੱਚ ਬਿਰਧ ਆਸ਼ਰਮ ਬਹੁਤ ਖੁੱਲ੍ਹ ਰਹੇ ਹਨ। ਇਸ ਤੋਂ ਕੀ ਅੰਦਾਜ਼ਾ ਲਗਾ ਸਕਦੇ ਹਾਂ? ਘਰਾਂ ਵਿੱਚ ਵੱਡਿਆਂ ਦਾ ਸਤਿਕਾਰ ਨਹੀਂ ਰਿਹਾ। ਉਨ੍ਹਾਂ ਦੀ ਕੋਈ ਗੱਲ ਕਹੀ ਨੂੰ ਬੱਚੇ ਸੁਣਨ ਨੂੰ ਤਿਆਰ ਨਹੀਂ। ਉਨ੍ਹਾਂ ਦੀ ਸੇਵਾ ਕਰਨ ਨੂੰ ਤਿਆਰ ਨਹੀਂ। ਇਹੋ ਜਿਹਾ ਵਰਤਾਰਾ ਸਿੱਖੀ ਸਿਧਾਤਾਂ ਮੁਤਾਬਿਕ ਬਿਲਕੁਲ ਵੀ ਪ੍ਰਵਾਨ ਨਹੀਂ। ਇਸ ਲਈ ਅੱਜ ਤੋਂ ਕੋਸ਼ਿਸ਼ ਕਰੀਏ ਕਿ ਆਪਣੇ ਘਰਾਂ ਵਿੱਚ ਇੱਕ ਦੂਜੇ ਨੂੰ ਸਮਝੀਏ, ਇੱਕ ਦੂਜੇ ਨੂੰ ਮਿੱਠੇ ਬੋਲ ਬੋਲੀਏ, ਵੱਡਿਆਂ ਦਾ ਸਤਿਕਾਰ ਕਰੀਏ ਤਾਂ ਕਿ ਘਰਾਂ ਵਿੱਚ ਪਿਆਰ ਤੇ ਇਤਫਾਕ ਦੀ ਭਾਵਨਾ ਪੈਦਾ ਹੋਵੇ। ਸਾਂਝਾ ਪਰਿਵਾਰ ਹੀ ਅਸਲੀ ਪਰਿਵਾਰ ਹੈ, ਜਿਸ ਵਿੱਚ ਖੁਸ਼ੀਆਂ ਹੀ ਖੁਸ਼ੀਆਂ ਹਨ। ਇੱਕ-ਇੱਕ ਹੀ ਹੁੰਦਾ ਹੈ ਪਰ ਸਾਰਾ ਪਰਿਵਾਰ ਮਿਲ ਜਾਵੇ ਤੇ ਇੱਕ-ਇੱਕ ਤੇ ਦੋ ਗਿਆਰ੍ਹਾਂ ਵਾਲੀ ਸਥਿਤੀ ਬਣ ਜਾਂਦੀ ਹੈ। ਗੁਰੂ ਸਾਹਿਬ ਦੀ ਪ੍ਰਸੰਨਤਾ ਵੀ ਇਸੇ ਵਿੱਚ ਹੈ।

**ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫਤਹਿ॥**

*—ਸੰਪਾਦਕ*

# ਧੰਨ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਦੇ ਆਗਮਨ ਦੀਆਂ ਪ੍ਰਤੱਖ ਝਲਕੀਆਂ

ਭਾਈ ਸਾਹਿਬ ਭਾਈ ਗੁਰਇਕਬਾਲ ਸਿੰਘ ਜੀ ਦੁਆਰਾ ਦਿੱਤੇ ਗਏ ਪ੍ਰੋਗਰਾਮ ਦਾ ਉਤਾਰਾ (ਵੀ.ਸੀ.ਡੀ. 118)

## ਬੀਬੀ ਦੌਲਤਾਂ ਦਾਈ ਜੀ ਅਤੇ ਸ੍ਰੀ ਨਨਕਾਣਾ ਸਾਹਿਬ ਵਿਖੇ ਮੁਸਲਮਾਨ ਵੀਰ ਦੀ ਸਾਖੀ

—ਜਸਵਿੰਦਰ ਸਿੰਘ
(ਪਟਿਆਲਾ)

*ਬਾਬਾ ਫਿਰਿ ਮਕੇ ਗਇਆ ਨੀਲ ਬਸਤ੍ਰ ਧਾਰੇ ਬਨਵਾਰੀ।*
*ਆਸਾ ਹਥਿ ਕਿਤਾਬ ਕਛਿ ਕੂਜਾ ਬਾਂਗ ਮੁਸੱਲਾ ਧਾਰੀ।*
*ਬੈਠਾ ਜਾਇ ਮਸੀਤ ਵਿਚਿ ਜਿਥੈ ਹਾਜੀ ਹਜਿ ਗੁਜਾਰੀ।*
*ਜਾ ਬਾਬਾ ਸੁਤਾ ਰਾਤਿ ਨੋ ਵਲਿ ਮਹਰਾਬੇ ਪਾਇ ਪਸਾਰੀ।*
*ਜੀਵਣਿ ਮਾਰੀ ਲਤਿ ਦੀ ਕੇਹੜਾ ਸੁਤਾ ਕੁਫਰ ਕੁਫਾਰੀ?*
*ਲਤਾ ਵਲਿ ਖੁਦਾਇ ਦੇ ਕਿਉ ਕਰਿ ਪਇਆ ਹੋਇ ਬਜਿਗਾਰੀ।*
*ਟੰਗੋਂ ਪਕੜਿ ਘਸੀਟਿਆ ਫਿਰਿਆ ਮੱਕਾ ਕਲਾ ਦਿਖਾਰੀ।*
*ਹੋਇ ਹੈਰਾਨੁ ਕਰੇਨਿ ਜੁਹਾਰੀ ॥੩੨॥*

*(ਵਾਰ: ੧, ਪਉੜੀ ੩੨)*

ਹਾਲਾਂਕਿ ਅਨਹੋਣੀ ਗੱਲ ਹੈ, ਮੱਕਾ ਘੁੰਮ ਜਾਣਾ। ਕਈ ਬੇਵਿਸ਼ਵਾਸਾਂ ਨੇ ਮੰਨਿਆ ਹੈ ਕਿ ਅਜਿਹਾ ਨਹੀਂ ਹੋਇਆ ਪਰ ਭਾਈ ਗੁਰਦਾਸ ਜੀ ਨੇ ਇਸ ਪ੍ਰਥਾਇ ਵਾਰ ਲਿਖੀ ਹੈ। ਧੰਨ ਗੁਰੂ ਨਾਨਕ ਮਹਾਰਾਜ ਜੀ, ਆਪ ਜੀ ਇੰਨੇ ਵੱਡੇ ਹੋ, ਸਾਰੀ ਕੁਦਰਤ ਤੁਹਾਡੇ ਅੱਗੇ ਹੱਥ ਜੋੜ ਕੇ ਖੜ੍ਹੀ ਹੈ, ਹੁਕਮ ਕੀ ਹੈ?

*ਹੁਕਮੈ ਅੰਦਰਿ ਸਭ ਕੋ ਕੁਦਰਤਿ ਕਿਸ ਦੀ ਕਰੈ ਜਵਾਬਾ।*

*(ਵਾਰ: ੨੪, ਪਉੜੀ ੪)*

ਕਿੰਨੀ ਉੱਚੀ ਗੱਲ ਲਿਖੀ ਹੈ। ਧੰਨ ਗੁਰੂ ਨਾਨਕ ਮਹਾਰਾਜ ਜੀ, ਸਾਰਾ ਕੁਝ ਆਪ ਜੀ ਦੇ ਹੁਕਮ ਵਿੱਚ ਹੀ ਹੈ। ਕੁਦਰਤ ਵੀ ਆਪ ਜੀ ਅੱਗੇ ਹੱਥ ਜੋੜ ਕੇ ਖੜ੍ਹੀ ਹੈ, ਕੀ ਹੁਕਮ ਹੈ?

*ਹੁਕਮੈ ਅੰਦਰਿ ਸਭ ਕੋ ਕੁਦਰਤਿ ਕਿਸ ਦੀ ਕਰੈ ਜਵਾਬਾ।*
*ਜਾਹਰ ਪੀਰੁ ਜਗਤੁ ਗੁਰ ਬਾਬਾ ॥੪॥*

*(ਵਾਰ ੨੪, ਪਉੜੀ ੪)*

*ਸੂਹੀ ਮਹਲਾ ੫ ॥*
*ਜਿਸ ਕੇ ਸਿਰ ਊਪਰਿ ਤੂੰ ਸੁਆਮੀ ਸੋ ਦੁਖੁ ਕੈਸਾ ਪਾਵੈ ॥*
*ਬੋਲਿ ਨ ਜਾਣੈ ਮਾਇਆ ਮਦਿ ਮਾਤਾ*
*ਮਰਣਾ ਚੀਤਿ ਨ ਆਵੈ ॥੧॥*
*ਮੇਰੇ ਰਾਮ ਰਾਇ ਤੂੰ ਸੰਤਾ ਕਾ ਸੰਤ ਤੇਰੇ ॥*
*ਤੇਰੇ ਸੇਵਕ ਕਉ ਭਉ ਕਿਛੁ ਨਾਹੀ*

*ਜਮੁ ਨਹੀ ਆਵੈ ਨੇਰੇ ॥੧॥ ਰਹਾਉ ॥*
*ਜੋ ਤੇਰੈ ਰੰਗਿ ਰਾਤੇ ਸੁਆਮੀ*
*ਤਿਨ੍ ਕਾ ਜਨਮ ਮਰਣ ਦੁਖੁ ਨਾਸਾ ॥*
*ਤੇਰੀ ਬਖਸ ਨ ਮੇਟੈ ਕੋਈ ਸਤਿਗੁਰ ਕਾ ਦਿਲਾਸਾ ॥੨॥*
*ਨਾਮੁ ਧਿਆਇਨਿ ਸੁਖ ਫਲ ਪਾਇਨਿ*
*ਆਠ ਪਹਰ ਆਰਾਧਹਿ ॥*
*ਤੇਰੀ ਸਰਣਿ ਤੇਰੈ ਭਰਵਾਸੈ ਪੰਚ ਦੁਸਟ ਲੈ ਸਾਧਹਿ ॥੩॥*
*ਗਿਆਨੁ ਧਿਆਨੁ ਕਿਛੁ ਕਰਮੁ ਨ ਜਾਣਾ*
*ਸਾਰ ਨ ਜਾਣਾ ਤੇਰੀ ॥*
*ਸਭ ਤੇ ਵਡਾ ਸਤਿਗੁਰੁ ਨਾਨਕੁ*
*ਜਿਨਿ ਕਲ ਰਾਖੀ ਮੇਰੀ ॥੪॥੧੦॥੫੭॥*
*(ਅੰਗ ੭੪੯/੭੫੦)*

ਸਾਰੀ ਸੰਗਤ ਧੰਨ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਦੇ ਪਿਆਰ ਵਿੱਚ ਗਜ ਕੇ ਆਖੋ ਸਤਿਨਾਮੁ ਸ੍ਰੀ ਵਾਹਿਗੁਰੂ ਜੀ।

ਸਾਰੀ ਸੰਗਤ ਨੂੰ ਮਹਾਰਾਜ ਜੀ ਤਰਸ ਕਰਕੇ ਭਾਵਨਾ ਦੀ ਦਾਤ ਝੋਲੀ ਵਿੱਚ ਪਾਉਣ। ਅੱਜ ਅਰਦਾਸ ਕਰਕੇ ਜਾਣਾ, ਵੱਡੇ ਦਿਹਾੜੇ ਤੇ ਵੱਡੀ ਦਾਤ ਝੋਲੀ ਵਿੱਚ ਪਵੇ। ਵੱਡੀ ਦਾਤ ਕੀ ਹੈ? ਭਾਵਨਾ ਮਿਲ ਜਾਣੀ। ਅਸੀਂ ਭਾਵੇਂ ਕਹਿ ਦਿਆਂਗੇ ਕਿ ਸਾਡੀ ਭਾਵਨਾ ਧੰਨ ਗੁਰੂ ਨਾਨਕ ਮਹਾਰਾਜ ਜੀ ਤੇ ਬਹੁਤ ਹੈ ਪਰ ਜਿਸ ਨੂੰ ਭਾਵਨਾ ਦੀ ਦਾਤ ਮਿਲ ਜਾਵੇ, ਉਸ ਦੀ ਨਿਸ਼ਾਨੀ ਕੀ ਹੈ? ਜਿਸ ਨੂੰ ਭਾਵਨਾ ਦੀ ਦਾਤ ਮਿਲ ਜਾਵੇ, ਉਹ ਸੰਗਤ ਦੇ ਕਾਰਜ ਨੂੰ ਸਭ ਤੋਂ ਉੱਚਾ ਸਮਝਦਾ ਹੈ। ਕੀਰਤਨ ਸੁਣਨ ਨੂੰ, ਕੀਰਤਨ ਕਰਨ ਨੂੰ, ਇਸ ਖੁਰਾਕ ਨੂੰ ਜਿਸ ਨੂੰ ਭਾਵਨਾ ਮਿਲ ਜਾਵੇ, ਉਹ ਇਸ ਦਾਤ ਨੂੰ ਉੱਚਾ ਦਰਜਾ ਦਿੰਦਾ ਹੈ। ਜਿਸ ਨੂੰ ਭਾਵਨਾ ਨਾ ਮਿਲੇ, ਉਹ ਕਹਿੰਦਾ ਹੈ, ਇਹ ਸਭ ਵਿਹਲਿਆਂ ਦਾ ਕੰਮ ਹੈ। ਜਿਸ ਨੂੰ ਭਾਵਨਾ ਦੀ ਦਾਤ ਨਾ ਮਿਲੇ, ਚਲੇ ਜਾਵਾਂਗੇ ਸੰਗਤ ਵਿੱਚ ਜਦੋਂ ਭੋਗ ਪੈਣ ਵਾਲਾ ਹੋਵੇਗਾ। ਕੋਈ ਨਹੀਂ, ਅਨੰਦੁ ਸਾਹਿਬ ਤੋਂ ਦਸ ਮਿੰਟ ਪਹਿਲਾਂ ਪਹੁੰਚ ਜਾਵਾਂਗੇ। ਚਲੇ ਜਾਵਾਂਗੇ, ਲੰਗਰ ਵੇਲੇ। ਇਹ ਸਤਿਸੰਗ ਨਹੀਂ। ਜਿਸ ਨੂੰ ਭਾਵਨਾ ਮਿਲ ਜਾਵੇ, ਉਸ ਨੂੰ ਕੀਰਤਨ ਕਰਨ ਦੀ, ਕੀਰਤਨ ਸੁਣਨ ਦੀ ਭੁੱਖ ਲੱਗਦੀ ਹੈ। ਦੁਨਿਆਵੀ ਕੰਮ ਨਹੀਂ ਮੁੱਕਦੇ, ਪਰ ਜਿਸਨੂੰ ਭਾਵਨਾ ਦੀ ਦਾਤ ਮਿਲ ਜਾਵੇ, ਉਸ ਨੂੰ ਜਦੋਂ ਸੰਗਤ ਦੀਆਂ ਘੜੀਆਂ ਮਿਲਦੀਆਂ ਹਨ, ਉਹ ਸ਼ੁਕਰ ਕਰਦਾ ਹੈ, ਗੁਰੂ ਸਾਹਿਬ ਦੀ ਗੋਦ ਵਿੱਚ ਬੈਠੇ ਹਾਂ। ਜਿਸ ਨੂੰ ਤੱਤ ਵਸਤੂ ਦੀ ਪਹਿਚਾਨ ਹੋ ਜਾਵੇ। ਅੱਜ ਵੱਡੀ ਦਾਤ ਮੰਗਣਾ, ਧੰਨ ਗੁਰੂ ਨਾਨਕ ਮਹਾਰਾਜ ਜੀ, ਮੇਰੇ ਤੇ ਕਿਰਪਾ ਕਰਨ, ਇਹ ਸੰਗਤ ਦਾ ਰਸ ਮਿਲ ਜਾਵੇ, ਸ੍ਰੀ ਦਰਬਾਰ ਸਾਹਿਬ ਕਿਤੇ ਘੰਟਾ ਡੇਢ ਘੰਟਾ ਬੈਠ ਕੇ ਕੀਰਤਨ ਦਾ ਰਸ, ਕੋਈ ਅੰਮ੍ਰਿਤ ਵੇਲਾ, ਸਤਿਸੰਗ, ਇਹ ਸਾਰੇ ਮੇਰੇ ਜੀਵਨ ਵਿੱਚ ਮੇਰੀ ਭਾਵਨਾ ਵਿੱਚ ਮੇਰੀ ਬੁੱਧੀ ਵਿੱਚ ਇਨ੍ਹਾਂ ਪ੍ਰਤੀ ਪੂਰਨ ਸਤਿਕਾਰ ਆ ਜਾਵੇ।

*ਇਹੁ ਵਾਪਾਰੁ ਵਿਰਲਾ ਵਾਪਾਰੈ ॥*
*ਨਾਨਕ ਤਾ ਕੈ ਸਦ ਬਲਿਹਾਰੈ ॥*
*(ਅੰਗ ੨੮੩)*

ਹੇ ਗਰੀਬ ਨਿਵਾਜ, ਸੱਚੇ ਪਾਤਸ਼ਾਹ ਜੀ! ਮੇਰੀ ਝੋਲੀ ਵਿੱਚ ਭਾਵਨਾ ਦੀ ਦਾਤ ਪਾ ਦਿਓ। ਧੰਨ ਗੁਰੂ ਨਾਨਕ ਮਹਾਰਾਜ ਜੀ ਜਿੱਥੇ ਤੁਹਾਡੀ ਸਿਫਤ ਹੁੰਦੀ ਹੋਵੇ, ਮੇਰੇ ਕਰਮਾਂ ਵਿੱਚ ਉਸ ਜਗ੍ਹਾ ਦੀਆਂ ਘੜੀਆਂ ਜ਼ਿਆਦਾ ਲਿਖ ਦਿਓ। ਧੰਨ ਗੁਰੂ ਨਾਨਕ ਮਹਾਰਾਜ ਜੀ ਨੂੰ ਅਗਰ ਸਭ ਨੇ ਸਮਝਣਾ ਹੈ ਤਾਂ ਤੁਹਾਨੂੰ ਭਾਈ ਨੰਦ ਲਾਲ ਜੀ ਦੀ ਲਿਖਤ ਪੜ੍ਹਨੀ ਪਵੇਗੀ। ਕਿੰਨੀ ਭਾਵਨਾ ਹੈ, ਭਾਈ ਨੰਦ ਲਾਲ ਜੀ ਦੀ, ਕਹਿੰਦੇ:

*ਗੁਰੂ ਨਾਨਕ ਆਂਵਦੋ ਨਾਰਾਇਣ ਸਰੂਪੁ*
*ਹੋਮਾਨਾ ਨਿਰੰਜਨੁ ਨਿਰੰਕਾਰੁ ਰੂਪੁ ॥*
*(ਭਾਈ ਨੰਦ ਲਾਲ ਜੀ)*

ਧੰਨ ਗੁਰੂ ਨਾਨਕ ਮਹਾਰਾਜ ਜੀ ਲਈ



*ਭਾਈ ਸਾਹਿਬ ਭਾਈ ਗੁਰਇਕਬਾਲ ਸਿੰਘ ਜੀ ਕਥਾ-ਕੀਰਤਨ ਦੀਆਂ ਵੀਚਾਰਾਂ ਸਾਂਝੀਆਂ ਕਰਦੇ ਹੋਏ।*

ਭਾਵਨਾ ਬਣਾਉਣੀ ਹੈ ਤੇ ਭਾਈ ਗੁਰਦਾਸ ਜੀ ਦੀ ਵਾਰ ਪੜ੍ਹਨੀ ਪਵੇਗੀ, ਕਿੰਨੀ ਭਾਵਨਾ ਦੀ ਗੱਲ ਕਰਦੇ ਹਨ:

***ਹੁਕਮੈ ਅੰਦਰਿ ਸਭ ਕੋ ਕੁਦਰਤਿ ਕਿਸ ਦੀ ਕਰੈ ਜਵਾਬਾ।***
***ਜਾਹਰ ਪੀਰੁ ਜਗਤੁ ਗੁਰ ਬਾਬਾ ॥੪॥***
***(ਵਾਰ ੨੪, ਪਉੜੀ ੪)***

ਭਾਵਨਾ ਉੱਚੀ ਬਣਾਉਣੀ ਹੈ ਤੇ ਧੰਨ ਗੁਰੂ ਅਰਜਨ ਦੇਵ ਜੀ ਮਹਾਰਾਜ ਦੀ ਬਾਣੀ ਪੜ੍ਹਨੀ ਪਵੇਗੀ।

***ਕਬੀਰਿ ਧਿਆਇਓ ਏਕ ਰੰਗ ॥***
***ਨਾਮਦੇਵ ਹਰਿ ਜੀਉ ਬਸਹਿ ਸੰਗਿ ॥***
***ਰਵਿਦਾਸ ਧਿਆਏ ਪ੍ਰਭ ਅਨੂਪ ॥***
***ਗੁਰ ਨਾਨਕ ਦੇਵ ਗੋਵਿੰਦ ਰੂਪ ॥੮॥੧॥***
***(ਅੰਗ ੧੧੯੨)***

ਨੈਨੀਤਾਲ ਵਿੱਚ ਕਿਸੇ ਪੀਰ ਦੀ ਸੋਨੇ ਦੀ ਕਬਰ ਬਣੀ ਹੈ। ਉੱਤੇ ਲਫਜ਼ ਕਿੰਨੀ ਭਾਵਨਾ ਦੇ ਲਿਖੇ ਹਨ। ਕਿਸੇ ਬੰਦੇ ਦੀ ਉਮਰ ਸੌ ਸਾਲ ਲਿਖੀ ਹੋਵੇ, ਸੌ ਸਾਲ ਉਸ ਦੇ ਪਾਪਾਂ ਵਿੱਚ ਬਤੀਤ ਹੋਏ ਹੋਣ। ਅਖੀਰਲੇ ਦਿਨ ਕਿਤੇ ਧੰਨ ਗੁਰੂ ਨਾਨਕ ਮਹਾਰਾਜ ਜੀ ਉਸ ਉੱਤੇ ਤੁਹਾਡੀ ਨਦਰਿ ਹੋ ਜਾਵੇ। ਪੀਰ ਨੇ ਆਪਣੇ ਸੇਵਕਾਂ ਨੂੰ ਕਿਹਾ, ਇਹ ਲਫਜ਼ ਮੇਰੀ ਕਬਰ ਤੇ ਲਿਖਣਾ ਹੈ। ਕਿਸੇ ਬੰਦੇ ਦੀ ਸਾਰੀ ਜ਼ਿੰਦਗੀ ਪਾਪਾਂ ਵਿੱਚ ਬਤੀਤ ਹੋਈ ਹੋਵੇ ਤੇ ਅਖੀਰਲੇ ਦਿਨ, ਧੰਨ ਗੁਰੂ ਨਾਨਕ ਮਹਾਰਾਜ ਜੀ ਦੀ ਨਦਰਿ ਹੋ ਜਾਵੇ ਤੇ ਧਰਮਰਾਜ ਜਦੋਂ ਲੇਖਾ ਪੜ੍ਹੇਗਾ ਤੇ ਮੇਰੀ ਸਾਰੀ ਜ਼ਿੰਦਗੀ ਦੇ ਪਾਪ ਇੱਕ ਛਾਬੇ ਵਿੱਚ ਜੀਵ ਦੇ ਪਾਏਗਾ ਤੇ ਦੂਜੇ ਛਾਬੇ ਵਿੱਚ ਧੰਨ ਗੁਰੂ ਨਾਨਕ ਮਹਾਰਾਜ ਜੀ ਦੀ ਨਦਰਿ ਪਾਵੇਗਾ। ਉਹ ਪੀਰ ਕਹਿੰਦਾ ਹੈ, ਮੈਂ ਦਾਅਵੇ ਨਾਲ ਕਹਿੰਦਾ ਹਾਂ, ਧੰਨ ਗੁਰੂ ਨਾਨਕ ਮਹਾਰਾਜ ਜੀ ਦੀ ਨਦਰਿ ਦਾ ਛਾਬਾ ਭਾਰਾ ਹੋਵੇਗਾ। ਬੇਸ਼ਕ ਸਾਡੇ ਪਾਪ ਬੜੇ ਹਨ ਪਰ ਅੱਜ ਹੀ ਗੁਰੂ ਨਾਨਕ ਮਹਾਰਾਜ ਜੀ ਦੇ ਬਣ ਜਾਈਏ ਤੇ ਉਸ ਦੀ ਨਦਰਿ ਦੀ ਇੱਕ ਤੀਲੀ ਚਾਹੀਦੀ ਹੈ, ਪਾਪ ਸਾਰੇ ਹੀ ਸੜ ਸਕਦੇ ਹਨ। ਸਾਡੀ ਭਾਵਨਾ ਕੀ ਬਣੇ?

***ਸਭ ਤੇ ਵਡਾ ਸਤਿਗੁਰੁ ਨਾਨਕੁ***
***ਜਿਨਿ ਕਲ ਰਾਖੀ ਮੇਰੀ ॥੪॥੧੦॥੫੭॥***
***(ਅੰਗ ੭੫੦)***

ਆਓ! ਇਸ ਸ਼ਬਦ ਰਾਹੀਂ ਸ੍ਰੀ ਨਨਕਾਣਾ ਸਾਹਿਬ ਦੇ ਦਰਸ਼ਨ ਕਰੀਏ।

*ਮਃ ੪ ॥*
*ਸਾ ਧਰਤੀ ਭਈ ਹਰੀਆਵਲੀ*
*ਜਿਥੈ ਮੇਰਾ ਸਤਿਗੁਰੁ ਬੈਠਾ ਆਇ ॥*
*ਸੇ ਜੰਤ ਭਏ ਹਰੀਆਵਲੇ*
*ਜਿਨੀ ਮੇਰਾ ਸਤਿਗੁਰੁ ਦੇਖਿਆ ਜਾਇ ॥*
*(ਅੰਗ ੩੧੦)*

ਜਿੱਥੇ ਧੰਨ ਗੁਰੂ ਨਾਨਕ ਮਹਾਰਾਜ ਜੀ ਦੇ ਮਾਤਾ-ਪਿਤਾ ਜੀ ਧੰਨ ਹਨ, ਭੈਣ ਜੀ ਧੰਨ ਹਨ, ਰਾਇ ਬੁਲਾਰ ਜੀ ਧੰਨ, ਉੱਥੇ ਦੋ ਬੀਬੀਆਂ ਵੀ ਹੋਈਆਂ ਹਨ। ਉਨ੍ਹਾਂ ਨੂੰ ਵੀ ਝੋਲੀ ਵਿੱਚ ਅਨਮੋਲ ਖਜ਼ਾਨੇ ਪੈ ਗਏ। ਉਨ੍ਹਾਂ ਦੋ ਬੀਬੀਆਂ ਦੇ ਨਾਂ ਆਏ ਹਨਃ ਤੁਲਸਾਂ ਦਾਸੀ ਤੇ ਦੌਲਤਾਂ ਦਾਈ। ਇਨ੍ਹਾਂ ਨੂੰ ਵੀ ਮਹਾਰਾਜ ਜੀ ਦੇ ਆਗਮਨ ਤੇ ਦਰਗਾਹੀ ਦਾਤਾਂ ਝੋਲੀ ਵਿੱਚ ਪਈਆਂ। ਜਿਹੜੀ ਚੀਜ਼ ਨੂੰ ਜੋਗੀ, ਸੰਨਿਆਸੀ ਕਈ-ਕਈ ਜਨਮ ਪ੍ਰਾਪਤ ਕਰਨ ਲਈ ਲਗਾ ਦਿੰਦੇ ਹਨ, ਕਹਿੰਦੇ ਕਿ ਤੁਲਸਾਂ ਇੱਕ ਛਿੰਨ ਵਿੱਚ ਹੀ ਲੈ ਗਈ ਸੀ। ਦੌਲਤਾਂ ਦਾਈ ਬੱਚੇ ਦੇ ਜਨਮ ਵਿੱਚ ਸਾਰਾ ਕਾਰਜ ਕੀਤਾ, ਉਸ ਨੂੰ ਐਵੇਂ ਨਾ ਸਮਝਣਾ। ਜਿਹੜੀ ਦਾਈ ਹੈ, ਦੌਲਤਾਂ ਜਿਸ ਨੇ ਬੱਚੇ ਦੇ ਜਨਮ ਵਿੱਚ ਸਾਰਾ ਕਾਰਜ ਕੀਤਾ, ਇਹ ਮਹਾਂਪੁਰਸ਼ ਕਹਿੰਦੇ ਸੀ ਦੌਲਤਾਂ ਦਾਈ ਨੂੰ ਜੋ ਬੱਚੇ ਦੇ ਜਨਮ ਵਿੱਚ ਡਿਊਟੀ ਹੈ, ਹੈ ਤਾਂ ਕਿਰਤ ਹੈ ਪਰ ਕਹਿੰਦੇ ਧੰਨ ਗੁਰੂ ਨਾਨਕ ਮਹਾਰਾਜ ਜੀ ਦੇ ਆਗਮਨ ਦਿਨ ਦੌਲਤਾਂ ਦਾਈ ਨੂੰ ਤਿੰਨ ਬਖਸ਼ਿਸ਼ਾਂ ਇਕੱਠੀਆਂ ਮਿਲ ਗਈਆਂ। ਇੱਕ ਹੁੰਦਾ ਹੈ, ਬਾਣੀ ਨੂੰ ਸੁਣਨਾ। ਇੱਕ ਹੁੰਦਾ ਹੈ, ਗੁਰੂ ਦੇ ਦਰਸ਼ਨ। ਇੱਕ ਹੁੰਦਾ ਹੈ, ਗੁਰੂ ਨੂੰ ਪਰਸਣਾ। ਧੰਨ ਗੁਰੂ ਨਾਨਕ ਮਹਾਰਾਜ ਦੀ ਪਹਿਲੀ ਅਵਾਜ਼ ਦੌਲਤਾਂ ਦਾਈ ਨੇ ਸੁਣੀ, ਦਰਸ਼ਨ ਵੀ, ਹੱਥਾਂ ਨਾਲ ਪਰਸਿਆ ਵੀ। ਕਿੰਨੀ ਭਾਗਾਂ ਵਾਲੀ ਹੋਵੇਗੀ। ਬਾਬਾ ਜੀ ਨੇ ਕਿਹਾ ਹੈ :

*ਗੁਰੁ ਨਾਨਕੁ ਜਿਨ ਸੁਣਿਆ ਪੇਖਿਆ*
*ਸੇ ਫਿਰਿ ਗਰਭਾਸਿ ਨ ਪਰਿਆ ਰੇ ॥੪॥੨॥੧੩॥*
*(ਅੰਗ ੬੧੨)*

ਗੁਰੂ ਦੇ ਸਰੀਰ ਨੂੰ ਪਰਸ ਵੀ ਲੈਣਾ, ਹੱਥ ਵੀ ਲੱਗ ਜਾਣੇ। ਗੁਰੂ ਦੇ ਅੱਖਾਂ ਨਾਲ ਦਰਸ਼ਨ ਵੀ ਤੇ ਸੁਣ ਵੀ ਲੈਣਾ। ਤਿੰਨੇ ਦਰਗਾਹੀ ਦਾਤਾਂ ਮਿਲੀਆਂ। ਦੌਲਤਾਂ ਦਾਈ ਕਿੰਨੀ ਭਾਗਾਂ ਵਾਲੀ। ਕਹਿੰਦੇ ਜਦੋਂ ਕਮਰੇ ਵਿੱਚੋਂ ਬਾਹਰ ਨਿਕਲੀ। ਬਾਹਰ ਪਿਤਾ ਬਾਬਾ ਕਲਿਆਣ ਦਾਸ ਜੀ ਖੜ੍ਹੇ ਤੇ ਸੁਣਨਾ ਚਾਹੁੰਦੇ ਸੀ ਕਿ ਕੀ ਹੋਇਆ ਹੈ? ਕੀ ਹਾਲ ਹੈ ਬੱਚੇ ਦਾ? ਕੌਣ ਹੈ? ਕਿਵੇਂ ਹੈ? ਲੜਕਾ ਹੈ ਜਾਂ ਲੜਕੀ ਹੈ। ਕਿਉਂਕਿ ਧੰਨ ਗੁਰੂ ਨਾਨਕ ਮਹਾਰਾਜ ਜੀ ਦਾ ਜਦੋਂ ਆਗਮਨ ਹੋਇਆ ਹੈ। ਆਮ ਬੱਚੇ ਦਾ ਜਨਮ ਹੋਵੇ ਤਾਂ ਬਾਹਰ ਰੋਣ ਦੀ ਆਵਾਜ਼ ਆਉਂਦੀ ਹੈ। ਰੋਣ ਦੀ ਆਵਾਜ਼ ਆਵੇ ਤੇ ਕਹਿੰਦੇ ਹਨ, ਸ਼ੁਕਰ ਹੈ, ਹੋ ਗਿਆ ਹੈ। ਇੱਥੇ ਰੋਣ ਦੀ ਆਵਾਜ਼ ਵੀ ਨਹੀਂ ਆਈ। ਜਦੋਂ ਧੰਨ ਗੁਰੂ ਨਾਨਕ ਮਹਾਰਾਜ ਜੀ ਦਾ ਆਗਮਨ ਹੋਇਆ ਤੇ ਦੌਲਤਾਂ ਦਾਈ ਵੱਲ ਵੇਖ ਕੇ ਹੱਸੇ ਹਨ। ਆਵਾਜ਼ ਵੀ ਨਹੀਂ ਆਈ ਤੇ ਪਿਤਾ ਕਾਲੂ ਜੀ ਕਹਿੰਦੇ, ਦੌਲਤਾਂ, ਕਿਵੇਂ? ਕੁਝ ਨਹੀਂ ਬੋਲੀ। ਚਾਰ ਕਦਮ ਅੱਗੇ ਵੱਧ ਗਈ। ਪਿਤਾ ਬਾਬਾ ਕਲਿਆਣ ਦਾਸ ਜੀ ਰੁਮਾਲ ਪਾ ਕੇ ਥਾਲ ਦੇ ਉੱਤੇ ਤੇ ਜੋ ਵੀ ਕੁਝ ਮੋਹਰਾਂ, ਮਾਇਆ ਰੱਖ ਕੇ ਬੈਠੇ ਹਨ ਕਿ ਅਸੀਸ ਦੇਣੀ ਹੈ ਕਿ ਬੱਚੇ ਦਾ ਜਨਮ ਹੋਇਆ ਹੈ। ਇਹ ਕੁਝ ਬੋਲ ਹੀ ਨਹੀਂ ਰਹੀ। ਕਹਿੰਦੇ, ਮਾਇਆ ਦਾ, ਮੋਹਰਾਂ ਦਾ ਥਾਲ ਪਿਤਾ ਬਾਬਾ ਕਲਿਆਣ ਦਾਸ ਜੀ ਨੇ ਰੁਮਾਲ ਚੁੱਕਿਆ ਤੇ ਕਿਹਾ, ਦੌਲਤਾਂ, ਇਹ ਮੈਂ ਤੇਰੇ ਲਈ ਰੱਖ ਕੇ ਬੈਠਾ ਹਾਂ। ਤੈਨੂੰ ਵਧਾਈ ਦੇਣੀ ਹੈ। ਕੀ ਹੋਇਆ ਹੈ? ਦੱਸ। ਦੌਲਤਾਂ ਦਾਈ ਕਹਿੰਦੀ ਹੈ,

ਪਿਤਾ ਬਾਬਾ ਕਲਿਆਣ ਦਾਸ ਜੀ ਨੂੰ। ਇਹੋ ਜਿਹਾ ਰੱਬੀ ਪੈਗੰਬਰ, ਇਹੋ ਜਿਹਾ ਰੱਬੀ ਅਵਤਾਰ, ਇਹੋ ਜਿਹਾ ਮਾਲਕ ਆਪ ਜੀ ਘਰ ਪੈਦਾ ਹੋਇਆ ਹੈ। ਉਹ ਨੂਰ ਆਗਮਨ ਵੇਲੇ, ਉਹ ਸਮਾਂ, ਉਹ ਘੜੀਆਂ, ਉਹ ਖੁਸ਼ਬੂ ਕਾਲੂ ਜੀ, ਮੈਂ ਦੌਲਤਾਂ ਦਾਈ ਹਾਂ। ਮੇਰਾ ਕੰਮ ਹੈ। ਜਿਨ੍ਹਾਂ ਘਰ ਬੱਚੇ ਦਾ ਜਨਮ ਹੋਵੇ ਉੱਥੋਂ ਮਾਇਆ ਲੈਣੀ। ਇਸ ਨੂਰ ਨੇ ਮੇਰੇ ਤੇ ਵੀ ਕਿਰਪਾ ਕਰ ਦਿੱਤੀ ਹੈ, ਹੁਣ ਇਸ ਦੌਲਤਾਂ ਦਾਈ ਨੂੰ ਦੌਲਤ ਦੀ ਭੁੱਖ ਹੀ ਖਤਮ ਹੋ ਗਈ ਹੈ। ਇਹ ਕਈਆਂ ਨੂੰ ਸ਼ੱਕ ਹੋਵੇ ਪਰ ਧੰਨ ਗੁਰੂ ਅਰਜਨ ਦੇਵ ਜੀ ਕਹਿੰਦੇ ਹਨ:

***ਗੁਰੁ ਨਾਨਕੁ ਜਿਨ ਸੁਣਿਆ ਪੇਖਿਆ***
***ਸੇ ਫਿਰਿ ਗਰਭਾਸਿ ਨ ਪਰਿਆ ਰੇ ॥੪॥੨॥੧੩॥***

*(ਅੰਗ ੬੧੨)*

ਜਿਸ ਨੇ ਸੁਣ ਵੀ ਲਿਆ, ਪਰਸ ਵੀ ਲਿਆ, ਦਰਸ਼ਨ ਵੀ ਕਰ ਲਏ, ਅੰਦਰੋਂ ਗੱਲ ਹੀ ਕੁਝ ਹੋਰ ਹੋ ਗਈ। ਅੰਦਰ ਅਵਸਥਾ ਬਦਲ ਗਈ। ਕਿਰਪਾ ਹੋ ਗਈ। ਅੱਖਾਂ ਦਾ ਨਸ਼ਾ ਬਦਲ ਗਿਆ। ਹੁਣ ਦੌਲਤ ਨਹੀਂ ਚਾਹੀਦੀ। ਪਿਤਾ ਕਾਲੂ ਜੀ ਨੂੰ ਦੌਲਤਾਂ ਦਾਈ ਕਹਿੰਦੀ ਹੈ, ਜਿਸ ਬੱਚੇ ਨੇ ਆਗਮਨ ਲਿਆ ਹੈ, ਅੱਜ ਤੱਕ ਮੈਂ ਜਿੰਨੇ ਬੱਚਿਆਂ ਨੂੰ ਜਨਮ ਲੈਂਦਿਆਂ ਦੇਖਿਆ ਹੈ, ਸਭ ਰੋਏ ਹਨ। ਇਹ ਪਹਿਲਾ ਬੱਚਾ ਹੈ ਜਿਹੜਾ ਰੋਇਆ ਨਹੀਂ, ਹੱਸਿਆ ਹੈ। ਇੱਕ ਇਸ਼ਾਰਾ ਤੇ ਭਾਵਨਾ ਲੈਣੀ। ਜਨਮਾਂ-ਜਨਮਾਂ ਦੀ ਮਾਇਆ ਦੀ ਭੁੱਖ ਬੰਦੇ ਦੀ ਨਹੀਂ ਮੁੱਕਦੀ। ਧੰਨ ਗੁਰੂ ਨਾਨਕ ਮਹਾਰਾਜ ਜੀ ਜਿਸ ਤੇ ਨਦਰਿ ਕਰ ਦੇਣ ਤੇ ਇਹ ਭੁੱਖਾਂ ਵੀ ਖਤਮ ਕਰ ਦਿੰਦੇ ਹਨ।

***ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ ॥***

*(ਅੰਗ ੧੨)*

ਟੈਨਸ਼ਨ ਤੋਂ ਰਹਿਤ ਕਰ ਦਿੰਦੇ ਹਨ। ਬੜੀ ਪਿਆਰੀ ਅਵਸਥਾ ਹੈ। ਇੱਕ ਬ੍ਰਿਗੇਡੀਅਰ ਸ੍ਰੀ ਨਨਕਾਣਾ ਸਾਹਿਬ ਬੈਠਾ ਸੀ। ਸੱਤ-ਅੱਠ ਸਾਲ ਦਾ ਬੱਚਾ ਉਂਗਲ ਨਾਲ ਲਗਾਇਆ ਹੈ, ਪਿਤਾ ਨੇ ਤੇ ਸ੍ਰੀ ਨਨਕਾਣਾ ਸਾਹਿਬ ਧੰਨ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵੱਲ ਉਂਗਲ ਕਰਦਿਆਂ ਕੀ ਆਖਦਾ ਹੈ, ਬਾਬਾ ਟਰੱਕ ਦੇ, ਬਾਬਾ ਟਰੱਕ ਦੇ। ਇੱਕ ਬ੍ਰਿਗੇਡੀਅਰ ਪ੍ਰਸ਼ਾਦ ਵਾਲੀ ਜਗ੍ਹਾ ਬੈਠਾ ਵੇਖ ਰਿਹਾ ਹੈ। ਉਸ ਨੇ ਚਾਰ ਪ੍ਰਕਰਮਾ ਕੀਤੀਆਂ ਤੇ ਜਦੋਂ ਇਧਰ ਆਏ ਤੇ ਬ੍ਰਿਗੇਡੀਅਰ ਕਹਿਣ ਲੱਗਾ, ਤੁਹਾਡਾ ਪੁੱਤਰ ਪ੍ਰਕਰਮਾ ਕਰਦਿਆਂ ਇਹ ਕਹੀ ਜਾਂਦਾ ਸੀ, ਬਾਬਾ ਜੀ ਟਰੱਕ ਦੇ ਦਿਓ। ਮੈਂ ਸਮਝਿਆ ਨਹੀਂ। ਕਹਿੰਦੇ, ਪਿਤਾ ਕਹਿਣ ਲੱਗਾ ਕਿ ਜੇ ਪੂਰੀ ਗੱਲ ਸੁਣਨੀ ਹੈ ਤੇ ਦਸ ਮਿੰਟ ਲੱਗਣਗੇ। ਬ੍ਰਿਗੇਡੀਅਰ ਨੇ ਆਖਿਆ, ਸੁਣਾ। ਪਿਤਾ ਸੁਣਾ ਰਿਹਾ ਹੈ ਕਿ ਸਾਡੀ ਸ਼ਾਦੀ ਹੋਈ, ਅੱਠ-ਦਸ ਸਾਲ ਗੁਜ਼ਰ ਗਏ ਤੇ ਔਲਾਦ ਨਹੀਂ ਹੋਈ। ਕਹਿੰਦੇ, ਕੋਈ ਬੂਹਾ ਨਹੀਂ ਛੱਡਿਆ। ਅਸੀਂ ਕੋਈ ਐਸੀ ਜਗ੍ਹਾ ਨਹੀਂ ਛੱਡੀ, ਜਿੱਥੇ ਅਸੀਂ ਫਰਿਆਦ ਨਾ ਕੀਤੀ ਹੋਵੇ। ਬੜੀਆਂ ਹੀ ਜਗ੍ਹਾ ਤੇ ਗਏ। ਸਾਨੂੰ ਇੱਕ ਮਹਾਂਪੁਰਸ਼ ਮਿਲ ਪਏ। ਉਨ੍ਹਾਂ ਨੂੰ ਦੱਸਿਆ ਕਿ ਸਾਡੇ ਘਰ ਔਲਾਦ ਨਹੀਂ ਤੇ ਬਹੁਤ ਜਗ੍ਹਾ ਤੇ ਫਰਿਆਦ ਕੀਤੀ ਹੈ। ਝੋਲੀ ਨਹੀਂ ਭਰੀ। ਉਹ ਕਹਿਣ ਲੱਗੇ ਕਿ ਗੁਰੂ ਨਾਨਕ ਮਹਾਰਾਜ ਜੀ ਅੱਗੇ ਝੋਲੀ ਅੱਡੀ ਹੈ। ਕਹਿਣ ਲੱਗੇ, ਅਜੇ ਉਹ ਬੂਹਾ ਨਹੀਂ ਮਿਲਿਆ।

ਮਹਾਂਪੁਰਸ਼ ਇੰਨੀ ਜੁਗਤੀ ਵਾਲੇ ਸੀ। ਕਹਿਣ ਲੱਗੇ, ਇਸ ਸਰੀਰ ਦੀ ਝੋਲੀ ਤਦ ਤੱਕ ਨਹੀਂ ਭਰ ਸਕਦੀ ਜਦ ਤੱਕ ਇਸ ਨੂੰ ਗੁਰੂ ਨਾਨਕ ਮਹਾਰਾਜ ਜੀ ਤੇ ਵਿਸ਼ਵਾਸ ਨਹੀਂ ਹੈ। ਉਨ੍ਹਾਂ ਨੇ ਕੀ ਰਾਹ ਦਿੱਤਾ? ਇੱਕ ਮਿੱਟੀ ਦਾ ਕੁੱਜਾ ਲੈ। ਜਿੱਥੇ-ਜਿੱਥੇ ਤੇਰੀ ਆਸਥਾ (ਸ਼ਰਧਾ) ਹੈ, ਜਿੱਥੇ-ਜਿੱਥੇ ਤੇਰਾ ਵਿਸ਼ਵਾਸ ਹੈ ਸਾਰਿਆਂ ਦੇ ਨਾਵਾਂ ਦੀਆਂ ਪਰਚੀਆਂ ਕੁੱਜੇ ਵਿੱਚ ਪਾ ਦੇ। ਫਿਰ ਅਰਦਾਸ ਕਰ। ਐ ਅੱਲ੍ਹਾ,

ਮੇਰੇ ਘਰ ਔਲਾਦ ਨਹੀਂ। ਮੈਂ ਕਿਸ ਘਰ ਅੱਗੇ ਝੋਲੀ ਅੱਡਾਂ। ਇਸ ਕੁੱਜੇ ਵਿੱਚੋਂ ਤੇਰੇ ਅੱਗੇ ਅਰਦਾਸ ਕਰਕੇ ਪਰਚੀ ਕੱਢਣ ਲੱਗਾ ਹਾਂ। ਜਿਸ ਦੀ ਪਰਚੀ ਤੂੰ ਕਢਵਾ ਦੇਵੇਂਗਾ, ਮੈਂ ਉਸ ਦਾ ਫਿਰ ਮੰਗਤਾ ਬਣ ਜਾਵਾਂਗਾ। ਉਹ ਸੁਣਾ ਰਿਹਾ ਹੈ। ਕਹਿੰਦੇ, ਮੈਂ ਸਾਰੀਆਂ ਪਰਚੀਆਂ ਕੁੱਜੇ ਵਿੱਚ ਪਾ ਦਿੱਤੀਆਂ ਤੇ ਅੱਲ੍ਹਾ ਅੱਗੇ ਜਦੋਂ ਬੇਨਤੀਆਂ, ਫਰਿਆਦਾਂ ਕਰਕੇ ਪਰਚੀ ਕੱਢੀ ਤੇ ਪਰਚੀ ਨਿਕਲੀ ਸ਼ਾਹ ਬਾਬਾ ਨਾਨਕ। ਕਹਿੰਦੇ, ਮੈਂ ਉਨ੍ਹਾਂ ਮਹਾਂਪੁਰਸ਼ਾਂ ਨੂੰ ਜਾ ਕੇ ਦੱਸਿਆ ਕਿ ਆਹ ਪਰਚੀ ਨਿਕਲੀ ਹੈ ਤੇ ਮਹਾਂਪੁਰਸ਼ ਕਹਿਣ ਲੱਗੇ, ਦੋਵੇਂ ਜੀਆਂ ਨੇ ਧੰਨ ਗੁਰੂ ਨਾਨਕ ਮਹਾਰਾਜ ਜੀ ਦਾ ਨਾਮ ਜਪਦਿਆਂ ਸ੍ਰੀ ਨਨਕਾਣਾ ਸਾਹਿਬ ਡੇਢ ਦੋ ਘੰਟੇ ਤੁਸੀਂ ਝਾੜੂ ਦੀ ਸੇਵਾ ਕਰਨੀ ਹੈ। ਪਿਤਾ ਜੀ ਦੇ ਚਰਨਾਂ ਵਿੱਚ ਸੇਵਾ ਕਰਕੇ ਰਿਝਾਉਣਾ ਹੈ। ਇਹ ਜਿਹੜਾ ਗੱਲ ਸੁਣਾ ਰਿਹਾ ਹੈ, ਸਿੱਖ ਨਹੀਂ, ਮੁਸਲਮਾਨ ਵੀਰ ਹੈ। ਕਹਿਣ ਲੱਗਾ, ਜੇ ਮੈਂ ਸ੍ਰੀ ਨਨਕਾਣਾ ਸਾਹਿਬ ਗਿਆ ਤੇ ਜਾ ਕੇ ਝਾੜੂ ਦਿੱਤਾ, ਸੇਵਾ ਕੀਤੀ ਤੇ ਮੇਰੇ ਆਂਢ-ਗੁਆਂਢ ਬਰਾਦਰੀ ਕੀ ਕਹੇਗੀ। ਮੁਸਲਮਾਨ ਹੋ ਕੇ ਕਿੱਥੇ ਜਾ ਰਿਹਾ ਹੈ। ਨੱਕ ਕਿੱਥੇ ਰਗੜ ਰਿਹਾ ਹੈਂ। ਕਹਿਣ ਲੱਗਾ, ਅਸੀਂ ਸ੍ਰੀ ਨਨਕਾਣਾ ਸਾਹਿਬ ਦੋਵਾਂ ਜੀਆਂ ਨੇ ਰਾਤੀਂ ਦੋ ਵਜੇ ਆ ਜਾਣਾ ਤਾਂ ਕਿ ਸਾਨੂੰ ਕੋਈ ਰਿਸ਼ਤੇਦਾਰ ਨਾ ਵੇਖੇ ਤੇ ਸੇਵਾ ਵੀ ਹੋ ਜਾਵੇ। ਹੇ ਗੁਰੂ ਨਾਨਕ ਮਹਾਰਾਜ ਜੀ, ਆਪ ਜੀ ਕੌਣ ਹੋ? ਇਹ ਕਿਧਰੇ ਮਿਸਾਲ ਨਹੀਂ। ਜਿੰਨੀ ਸੰਗਤ ਹੈ, ਉਸ ਵਿੱਚ ਕੋਈ ਭੈਣ/ਵੀਰ ਚਾਲੀ ਸਾਲ ਦਾ ਹੈ, ਕੋਈ ਪੰਜਾਹ ਸਾਲ ਦਾ, ਕੋਈ ਸੱਠ ਸਾਲ ਦਾ, ਕੋਈ ਕਿੰਨੇ ਸਾਲ ਦਾ। ਸਾਰੇ ਝਾਤੀ ਪਾ ਲਓ। ਤੁਸੀਂ ਆਪਣੇ ਚਾਲੀ ਸਾਲ ਵਿੱਚ ਕਦੀ ਕਿਸੇ ਮੁਸਲਮਾਨ ਵੀਰ ਨੂੰ ਕ੍ਰਿਸ਼ਨ ਜੀ ਦੇ ਅੱਗੇ ਜੋਦੜੀ ਕਰਦਿਆਂ ਨਹੀਂ ਵੇਖਿਆ ਹੋਵੇਗਾ। ਕਦੀ ਕਿਸੇ ਮੁਸਲਮਾਨ ਵੀਰ ਨੂੰ ਰਾਮ ਜੀ ਅੱਗੇ ਜੋਦੜੀ ਕਰਦਿਆਂ ਨਹੀਂ ਵੇਖਿਆ ਹੋਵੇਗਾ। ਤੁਹਾਡੀ ਜਿੰਨੀ ਉਮਰ ਹੈ, ਨੋਟ ਕਰ ਲਓ, ਕਿਸੇ ਹਿੰਦੂ ਵੀਰ ਨੂੰ ਮੁਹੰਮਦ ਸਾਹਿਬ ਅੱਗੇ ਝੋਲੀ ਅੱਡਦਿਆਂ ਨਹੀਂ ਵੇਖਿਆ ਹੋਵੇਗਾ। ਕੋਈ ਇੱਕ ਅੱਧਾ ਕੇਸ ਹੋਵੇ ਤੇ ਆਪਾਂ ਨਹੀਂ ਲੈਂਦੇ। ਬਹੁਸੰਮਤੀ 99.9% ਨਹੀਂ। ਲੇਕਿਨ ਇੱਕ ਗੱਲ ਤੁਸੀਂ ਆਪਣੀ ਲਾਈਫ ਵਿੱਚ ਆਮ ਦੇਖੀ ਹੋਵੇਗੀ। ਹਜ਼ਾਰਾਂ ਲੱਖਾਂ ਹਿੰਦੂ ਵੀਰ, ਹਜ਼ਾਰਾਂ ਲੱਖਾਂ ਮੁਸਲਮਾਨ ਵੀਰ ਧੰਨ ਗੁਰੂ ਨਾਨਕ ਮਹਾਰਾਜ ਜੀ ਅੱਗੇ ਝੋਲੀ ਅੱਡਦੇ ਵੇਖੇ ਹੋਣਗੇ। ਦਾਸ ਸਟੇਜ ਤੋਂ ਕਹਿ ਰਿਹਾ ਹੈ, ਗੁਰੂ ਸਾਹਿਬ ਦੀ ਕਿਰਪਾ ਨਾਲ। ਸ੍ਰੀ ਦਰਬਾਰ ਸਾਹਿਬ ਚਲੇ ਜਾਓ, ਗੇਟ ਅੱਗੇ ਖਲ੍ਹੋ ਜਾਵੋ। ਗੁ: ਸ਼ਹੀਦਾਂ ਸਾਹਿਬ ਚਲੇ ਜਾਓ। ਚੁਗਾਠ ਕੋਲ ਖਲ੍ਹੋ ਜਾਵੋ। ਗੁ: ਸੀਸ ਗੰਜ ਸਾਹਿਬ ਦਿੱਲੀ ਚਲੇ ਜਾਓ। ਖਲ੍ਹੋ ਜਾਓ ਬਾਹਰ ਗੇਟ ਤੇ ਤੁਸੀਂ ਕੀ ਵੇਖੋਗੇ ਜੇ ਦਸ ਸਿੱਖ ਵੀਰ ਲੰਘ ਰਹੇ ਹਨ ਤੇ ਇੱਕ -ਦੋ ਹਿੰਦੂ ਵੀਰ ਵੀ ਅੰਦਰ ਲੰਘਦੇ ਆਉਂਦੇ ਹੋਣਗੇ ਕਿ ਹੇ ਧੰਨ ਗੁਰੂ ਤੇਗ ਬਹਾਦਰ ਜੀ, ਮੈਂ ਵੀ ਤੇਰਾ ਹਾਂ। ਤੁਸੀਂ ਕੌਣ ਹੋ? ਭਾਵਨਾ ਲੈਣਾ। ਭਾਈ ਗੁਰਦਾਸ ਜੀ ਕੋਲੋਂ ਰਿਹਾ ਨਹੀਂ ਗਿਆ। ਉਨ੍ਹਾਂ ਨੇ ਫਿਰ ਲਿਖਿਆ ਹੈ:

***ਗੰਗ ਬਨਾਰਸ ਹਿੰਦੂਆਂ ਮੁਸਲਮਾਣਾਂ ਮਕਾ ਕਾਬਾ।***
***ਘਰਿ ਘਰਿ ਬਾਬਾ ਗਾਵੀਐ ਵਜਨਿ ਤਾਲ ਮ੍ਰਿਦੰਗੁ ਰਬਾਬਾ।***
***(ਵਾਰ ੨੪, ਪਉੜੀ ੪)***

ਧੰਨ ਗੁਰੂ ਨਾਨਕ ਮਹਾਰਾਜ ਜੀ, ਆਪ ਜੀ ਇੰਨੇ ਪਿਆਰੇ ਹੋ ਕਿ ਕਈ ਹਿੰਦੂ ਵੀਰ ਕਹਿੰਦੇ ਹਨ ਕਿ ਧੰਨ ਗੁਰੂ ਨਾਨਕ ਮਹਾਰਾਜ ਜੀ, ਤੁਸੀਂ ਹੀ ਸਾਡੀ ਗੰਗਾ ਹੋ, ਤੁਸੀਂ ਹੀ ਬਨਾਰਸ ਹੋ। ਕਈ ਮੁਸਲਮਾਨ ਵੀਰ ਕਹਿੰਦੇ ਹਨ, ਧੰਨ ਗੁਰੂ ਨਾਨਕ ਮਹਾਰਾਜ ਜੀ ਤੁਸੀਂ ਹੀ ਸਾਡਾ ਮੱਕਾ ਹੋ ਤੇ ਤੁਸੀਂ ਹੀ ਸਾਡਾ ਕਾਬਾ ਹੋ।

***ਧਰੀ ਨੀਸਾਨੀ ਕਉਸਿ ਦੀ ਮਕੇ ਅੰਦਰਿ ਪੂਜ ਕਰਾਈ।***
***(ਵਾਰ ੧, ਪਉੜੀ ੩੪)***

ਧੰਨ ਗੁਰੂ ਨਾਨਕ ਮਹਾਰਾਜ ਜੀ, ਤੁਸੀਂ ਕੌਣ ਹੋ?

***ਤੂੰ ਸਾਝਾ ਸਾਹਿਬੁ ਬਾਪੁ ਹਮਾਰਾ ॥***
***(ਅੰਗ ੯੭)***

ਰਾਤੀਂ ਦੋ ਵਜੇ ਇਹ ਮੁਸਲਮਾਨ ਵੀਰ, ਇਸ ਦੀ ਪਤਨੀ ਨੇ ਜਾਣਾ ਕਿ ਸਾਨੂੰ ਬਰਾਦਰੀ ਵਾਲੇ ਕੀ ਕਹਿਣਗੇ ਤੇ ਉਸ ਵੇਲੇ ਸ੍ਰੀ ਨਨਕਾਣਾ ਸਾਹਿਬ ਦੇ ਬੂਹੇ ਬੰਦ ਹੋਣੇ। ਅਸੀਂ ਬਾਹਰੋਂ ਝਾੜੂ ਦੇਣਾ, ਜਲ ਦੀ ਬਾਲਟੀ ਲਗਾਉਣੀ। ਹੌਲੀ-ਹੌਲੀ ਦੋ ਵਜੇ ਤੋਂ ਤਿੰਨ ਵਜੇ ਗਏ। ਫਿਰ ਚਾਰ ਵਜੇ ਤੱਕ, ਸਾਢੇ ਚਾਰ ਵਜੇ ਤੱਕ। ਹੌਲੀ-ਹੌਲੀ ਜਿਹੜੇ ਉੱਥੇ ਸੇਵਾਦਾਰ ਸਨ, ਉਹ ਕਹਿਣ ਲੱਗੇ, ਅੰਦਰ ਵੀ ਜਲ ਦੀ ਬਾਲਟੀ ਲਗਾ ਲਓ। ਅੰਦਰ ਵੀ ਸੇਵਾ ਕਰ ਲਓ। ਕਹਿੰਦੇ, ਇੱਕ ਸਾਲ ਬਾਅਦ ਸਾਡੇ ਘਰ ਧੰਨ ਗੁਰੂ ਨਾਨਕ ਮਹਾਰਾਜ ਜੀ ਦੀ ਕਿਰਪਾ ਨਾਲ ਇੱਕ ਪੁੱਤਰ ਦੀ ਦਾਤ ਮਿਲੀ, ਸ੍ਰੀ ਨਨਕਾਣਾ ਸਾਹਿਬ ਝਾੜੂ ਦੀ ਸੇਵਾ ਕਰਕੇ। ਜਦੋਂ ਇਹ ਪੁੱਤਰ ਵੱਡਾ ਹੋਇਆ ਤੇ ਮੇਰੀ ਕਿਰਤ ਹੈ, ਮੇਰੇ ਕੋਲ ਕਿਰਾਏ ਦਾ ਟਰੱਕ ਹੈ। ਮੈਂ ਕਿਸੇ ਦਾ ਟਰੱਕ ਚਲਾਉਂਦਾ ਹਾਂ। ਮੇਰਾ ਪੁੱਤਰ ਨੌਂ ਸਾਲ ਦਾ ਹੋ ਗਿਆ ਹੈ ਤੇ ਕਹਿੰਦਾ ਹੈ, ਪਿਤਾ ਜੀ, ਤੁਸੀਂ ਆਪਣਾ ਟਰੱਕ ਕਿਉਂ ਨਹੀਂ ਲੈਂਦੇ? ਉਹ ਕਹਿਣ ਲੱਗਾ, ਫਿਰ ਮੈਂ ਪੁੱਤਰ ਦਾ ਵਿਸ਼ਵਾਸ ਬਣਾਉਣ ਲਈ ਆਖਿਆ। ਪੁੱਤਰ, ਮੇਰੇ ਕੋਲ ਇੰਨੀ ਮਾਇਆ ਨਹੀਂ ਕਿ ਮੈਂ ਆਪਣਾ ਟਰੱਕ ਲਵਾਂ। ਇਸ ਲਈ ਮੈਂ ਕਿਸੇ ਦਾ ਟਰੱਕ ਚਲਾਉਂਦਾ ਹਾਂ। ਤੂੰ ਕਹਿੰਦਾ ਹੈਂ ਕਿ ਤੁਸੀਂ ਆਪਣਾ ਟਰੱਕ ਕਿਉਂ ਨਹੀਂ ਲੈਂਦੇ। ਮੈਂ ਆਪਣੇ ਪੁੱਤਰ ਨੂੰ ਸ੍ਰੀ ਨਨਕਾਣਾ ਸਾਹਿਬ ਲਿਆ ਕੇ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅੱਗੇ ਬਿਠਾ ਦਿੱਤਾ ਹੈ ਤੇ ਕਿਹਾ ਹੈ, ਪੁੱਤਰ, ਆ ਬੈਠਾ ਈ ਸ਼ਾਹ ਬਾਬਾ ਨਾਨਕ। ਇਸ ਦੇ ਕੋਲੋਂ ਮੈਂ ਤੈਨੂੰ ਮੰਗਿਆ ਹੈਂ। ਤੂੰ ਇਨ੍ਹਾਂ ਕੋਲੋਂ ਟਰੱਕ ਮੰਗ ਲੈ। ਕਹਿੰਦੇ, ਉਸ ਬੱਚੇ ਦੇ ਦਿਮਾਗ ਵਿੱਚ ਗੱਲ ਪੈ ਗਈ ਹੈ ਤੇ ਹੁਣ ਜਦੋਂ ਆਉਂਦਾ ਹੈ ਤੇ ਧੰਨ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਪਰਕਰਮਾ ਕਰਦਾ ਹੈ। ਨਾਲੇ ਕਹਿੰਦਾ ਹੈ, ਬਾਬਾ ਟਰੱਕ ਦੇ, ਬਾਬਾ ਟਰੱਕ ਦੇ।

***ਸਭ ਤੇ ਵਡਾ ਸਤਿਗੁਰੁ ਨਾਨਕੁ***
***ਜਿਨਿ ਕਲ ਰਾਖੀ ਮੇਰੀ ॥੪॥੧੦॥੫੭॥***
***(ਅੰਗ ੭੫੦)***

ਬਾਬਾ ਨੰਦ ਸਿੰਘ ਜੀ ਕਹਿੰਦੇ ਸਨ, ਦੋ ਗੱਲਾਂ ਬੜੀਆਂ ਵੱਡੀਆਂ ਹਨ, ਪਹਿਲੀ ਗੱਲ ਜਿਸ ਦਿਨ ਧੰਨ ਗੁਰੂ ਨਾਨਕ ਮਹਾਰਾਜ ਜੀ ਦਾ ਆਗਮਨ ਹੋਇਆ ਉਹ ਦਿਨ ਇੰਨਾ ਵੱਡਾ ਹੈ ਕਿ ਉਸ ਦਿਨ ਕੋਈ ਪਸ਼ੂ, ਪੰਛੀ, ਪਰਿੰਦਾ ਵੀ ਚੜ੍ਹਾਈ ਕਰ ਜਾਵੇ ਤੇ ਨਰਕਾਂ ਨੂੰ ਨਹੀਂ ਜਾਂਦਾ, ਦੁਬਾਰਾ ਜਨਮ ਮਿਲ ਸਕਦਾ ਹੈ। ਉਸ ਦਿਨ ਸੱਚਖੰਡ ਦੇ ਬੂਹੇ ਖੁੱਲ੍ਹੇ ਹਨ। ਬੜਾ ਵੱਡਾ ਦਿਹਾੜਾ ਹੈ। ਨਿਤਨੇਮ ਵੱਧ ਕਰਿਓ। ਦੂਜੀ ਗੱਲ ਬਾਬਾ ਨੰਦ ਸਿੰਘ ਜੀ ਦਾ ਬਚਨ ਹੈ, ਪੱਲੇ ਬੰਨ੍ਹਣਾ। ਕਹਿੰਦੇ ਸੀ, ਪਰਮੇਸ਼ਰ ਦੇ ਚਾਰ ਸਰੂਪ ਹਨ, ਸਰਗੁਣ, ਨਿਰਗੁਣ, ਗੁਰਬਾਣੀ ਤੇ ਚੌਥਾ ਸਰੂਪ ਨਿਮਰਤਾ। ਇਹ ਰੱਬ ਦੇ ਚਾਰ ਸਰੂਪ ਹਨ। ਬਾਬਾ ਜੀ ਬਚਨ ਕਰਦੇ ਸੀ। ਅਗਲੀ ਗੱਲ ਕਹਿੰਦੇ ਸੀ, ਧੰਨ ਗੁਰੂ ਨਾਨਕ ਮਹਾਰਾਜ ਦਾ ਬਣ ਜਾ। ਧੰਨ ਗੁਰੂ ਨਾਨਕ ਮਹਾਰਾਜ ਦੇ ਚਰਨਾਂ ਨੂੰ ਸਮਝ ਲੈ। ਧੰਨ ਗੁਰੂ ਨਾਨਕ ਮਹਾਰਾਜ ਜੀ ਦੇ ਚਰਨਾਂ ਵਿੱਚ ਜੁੜ ਜਾ। ਇਹ ਚਾਰੇ ਸਰੂਪਾਂ ਦੀ ਹਾਜ਼ਰੀ ਆਪੇ ਹੀ ਲੱਗ ਜਾਂਦੀ ਹੈ। ਪੜ੍ਹੋ ਪਿਆਰ ਨਾਲ:

***ਸਭ ਤੇ ਵਡਾ ਸਤਿਗੁਰੁ ਨਾਨਕੁ***
***ਜਿਨਿ ਕਲ ਰਾਖੀ ਮੇਰੀ ॥੪॥੧੦॥੫੭॥***
***(ਅੰਗ ੭੫੦)***

ooo

ਸਵਾਲ ਜਵਾਬ

# ਜ਼ਿੰਦਗੀ ਦੀਆਂ ਬਰੀਕੀਆਂ

ਸਤਿਗੁਰੂ ਜੀ ਦੀ ਕ੍ਰਿਪਾ ਅਤੇ ਭਾਈ ਸਾਹਿਬ ਭਾਈ ਗੁਰਇਕਬਾਲ ਸਿੰਘ ਜੀ ਦੀ ਪ੍ਰੇਰਨਾ ਨਾਲ ਜ਼ਿੰਦਗੀ ਦੀਆਂ ਬਰੀਕੀਆਂ ਕਾਲਮ 'ਸਿਫਤਿ ਸਾਲਾਹ ਰਸਾਲੇ' ਵਿੱਚ ਪਿਛਲੇ ਕਈ ਸਾਲਾਂ ਤੋਂ ਪ੍ਰਕਾਸ਼ਿਤ ਹੋ ਰਿਹਾ ਹੈ। ਇਸ ਕਾਲਮ ਵਿੱਚ ਸੰਗਤਾਂ ਵੱਲੋਂ ਭਾਈ ਸਾਹਿਬ ਜੀ ਨੂੰ ਸਮੇਂ-ਸਮੇਂ ਤੇ ਪੁੱਛੇ ਜਾਂਦੇ ਸਵਾਲਾਂ ਦੇ ਜਵਾਬ ਦਿੱਤੇ ਜਾਂਦੇ ਹਨ। ਇਸੇ ਕਾਲਮ ਦੀ ਲੜੀ ਨੂੰ ਅੱਗੇ ਤੋਰਦਿਆਂ ਹੱਥਲੇ ਅੰਕ ਤੋਂ ਭਾਈ ਸਾਹਿਬ ਜੀ ਦੇ ਕੀਰਤਨ ਦੇ ਉਨ੍ਹਾਂ ਅੰਸ਼ਾਂ ਨੂੰ ਸਵਾਲ-ਜਵਾਬ ਦੇ ਰੂਪ ਵਿੱਚ ਹੂ-ਬ-ਹੂ ਪ੍ਰਕਾਸ਼ਿਤ ਕੀਤਾ ਜਾ ਰਿਹਾ ਹੈ ਜਿਨ੍ਹਾਂ ਵਿੱਚ ਭਾਈ ਸਾਹਿਬ ਜੀ ਕੀਰਤਨ ਕਰਦਿਆਂ ਸੰਗਤਾਂ ਨੂੰ ਆਮ ਪੇਸ਼ ਆਉਂਦੀਆਂ ਦੁਨਿਆਵੀਂ ਤੇ ਅਧਿਆਤਮਿਕ ਸਮੱਸਿਆਵਾਂ ਦਾ ਗੁਰਮਤਿ ਅਨੁਸਾਰ ਸਮਾਧਾਨ ਕਰਨ ਦੀ ਪ੍ਰੇਰਨਾ ਦਿੰਦੇ ਹਨ।

*ਲੜੀ ਜੋੜਨ ਲਈ ਪਿਛਲਾ ਅੰਕ ਦੇਖੋ ਜੀ :-*

**479. ਸਵਾਲ: ਭਾਈ ਬਿਸ਼ੰਬਰ ਦਾਸ ਜੀ ਨੂੰ ਗਰੀਬੀ ਦੂਰ ਕਰਨ ਲਈ ਗੁਰੂ ਕਲਗੀਧਰ ਪਿਤਾ ਜੀ ਨੇ ਕਿਹੜੇ ਛੇ ਬਚਨ ਦਿੱਤੇ ਸਨ?**

**ਜਵਾਬ:** ਦੱਖਣ ਵਾਲੇ ਪਾਸੇ ਇੱਕ ਨਗਰ ਹੈ ਜਿਸ ਦਾ ਨਾਂ ਹੈ ਉਜੈਨ ਅਤੇ ਇਸ ਨਗਰ ਤੋਂ ਇੱਕ ਸਿੱਖ ਹੈ, ਧੰਨ ਗੁਰੂ ਕਲਗੀਧਰ ਪਿਤਾ ਜੀ ਦੇ ਚਰਨਾਂ ਵਿੱਚ, ਸ੍ਰੀ ਅਨੰਦਪੁਰ ਸਾਹਿਬ। ਗੁਰੂ ਸਾਹਿਬ ਦਾ ਦਰਬਾਰ ਸਜਿਆ ਹੋਇਆ ਹੈ। ਮਹਾਰਾਜ ਜੀ ਸਜੇ ਹੋਏ ਦੀਵਾਨ ਵਿੱਚ ਹਾਜ਼ਰ ਹੋਏ। ਇਤਿਹਾਸਕਾਰਾਂ ਨੇ ਲਿਖਿਆ ਹੈ ਕਿ ਜਦੋਂ ਮਹਾਰਾਜ ਜੀ ਦਰਬਾਰ ਵਿੱਚ ਆਉਂਦੇ ਸਨ ਤੇ ਸਾਰਾ ਦਰਬਾਰ ਹੀ ਨੂਰੋ-ਨੂਰ ਹੋ ਜਾਂਦਾ ਹੈ। ਪਾਤਸ਼ਾਹ ਜੀ ਦੇ ਦਰਸ਼ਨਾਂ ਵਿੱਚ ਹੀ ਇੰਨੀ ਕਿਰਪਾ ਸੀ ਕਿ ਕਈਆਂ ਦੇ ਪਾਪ ਧੋਤੇ ਜਾਂਦੇ ਸਨ। ਮਹਾਰਾਜ ਜੀ ਆਪਣੇ ਸਿੰਘਾਸਨ ਤੇ ਬਿਰਾਜਮਾਨ ਹੋਏ। ਭਾਈ ਬਿਸ਼ੰਬਰ ਦਾਸ ਜੀ ਨੇ ਗੁਰੂ ਸਾਹਿਬ ਜੀ ਦੇ ਚਰਨਾਂ ਵਿੱਚ ਆ ਡੰਡਉਤ ਬੰਦਨਾ ਕੀਤੀ, ਨਮਸਕਾਰ ਕੀਤੀ ਤੇ ਬੇਨਤੀ ਕੀਤੀ, ਪਾਤਸ਼ਾਹ ਜੀ, ਮੇਰਾ ਨਾਂ ਬਿਸ਼ੰਬਰ ਦਾਸ ਹੈ। ਮੈਂ ਦੱਖਣ ਤੋਂ, ਉਜੈਨ ਸ਼ਹਿਰ ਤੋਂ ਆਇਆ ਹਾਂ। ਘਰ ਵਿੱਚ ਦਰਿਦਰੀ ਬੜੀ ਹੈ, ਗਰੀਬੀ ਬੜੀ ਹੈ। ਘਰ ਵਿੱਚੋਂ ਬਰਕਤ ਉੱਡ ਗਈ ਹੈ। ਮਹਾਰਾਜ ਜੀ, ਮੈਂ ਕਿਹੜਾ ਕੰਮ ਕਰਾਂ ਕਿ ਘਰ ਵਿੱਚੋਂ ਦਰਿਦਰੀ ਨਿਕਲ ਜਾਵੇ, ਗਰੀਬੀ ਨਿਕਲ ਜਾਵੇ, ਬਰਕਤ ਪੈ ਜਾਵੇ।

ਬਾਬਾ ਨੰਦ ਸਿੰਘ ਜੀ ਬਚਨ ਕਰਦੇ ਸਨ ਕਿ ਜਿਹੜੇ ਗ੍ਰਹਿਸਥੀ ਕੋਲ ਮਾਇਆ ਨਹੀਂ, ਉਹ ਕੌਡੀ ਦਾ ਨਹੀਂ ਹੈ ਤੇ ਜਿਹੜਾ ਸਾਧੂ ਸੰਤ ਮਾਇਆ ਨਾਲ ਜੁੜਿਆ ਹੋਇਆ ਹੈ, ਉਹ ਵੀ ਕੌਡੀ ਦਾ ਨਹੀਂ। ਗ੍ਰਹਿਸਥੀ ਨੂੰ ਲੋੜ ਹੈ, ਮਾਇਆ ਦੀ। ਆਏ ਗਏ ਦੀ ਸੇਵਾ ਲਈ, ਘਰ ਦਾ ਖਰਚਾ ਚਲਾਉਣ ਲਈ, ਭੋਜਨ ਪਾਣੀ ਲਈ। ਉਹ ਕਿਹੜਾ ਵੇਲਾ ਹੋਵੇਗਾ ਜਿਸ ਵੇਲੇ ਭਗਤਾਂ ਨੇ ਵੀ ਆਪਣੀ ਸੱਚਾਈ ਰੱਖੀ ਹੋਵੇਗੀ:

***ਗੋਪਾਲ ਤੇਰਾ ਆਰਤਾ ॥***
***ਜੋ ਜਨ ਤੁਮਰੀ ਭਗਤਿ ਕਰੰਤੇ***
***ਤਿਨ ਕੇ ਕਾਜ ਸਵਾਰਤਾ ॥੧॥ ਰਹਾਉ ॥***

*ਦਾਲਿ ਸੀਧਾ ਮਾਗਉ ਘੀਉ ॥*
*ਹਮਰਾ ਖੁਸੀ ਕਰੈ ਨਿਤ ਜੀਉ ॥*
*ਪਨ੍ੀਆ ਛਾਦਨੁ ਨੀਕਾ ॥*
*ਅਨਾਜੁ ਮਗਉ ਸਤ ਸੀ ਕਾ ॥੧॥*
*ਗਊ ਭੈਸ ਮਗਉ ਲਾਵੇਰੀ ॥*
*ਇਕ ਤਾਜਨਿ ਤੁਰੀ ਚੰਗੇਰੀ ॥*
*ਘਰ ਕੀ ਗੀਹਨਿ ਚੰਗੀ ॥*
*ਜਨੁ ਧੰਨਾ ਲੇਵੈ ਮੰਗੀ ॥੨॥੪॥*
*(ਅੰਗ ੬੯੫)*

ਭਗਤ ਕਬੀਰ ਜੀ ਦੀ ਵੀ ਕਮਾਈ ਪਰ ਪਿਆਰ ਵਿੱਚ ਆ ਕੇ ਇੱਕ ਜਗ੍ਹਾ ਤੇ ਭਗਤ ਕਬੀਰ ਜੀ ਕਹਿੰਦੇ ਹਨ:

*ਭੂਖੇ ਭਗਤਿ ਨ ਕੀਜੈ ॥*
*ਯਹ ਮਾਲਾ ਅਪਨੀ ਲੀਜੈ ॥*
*ਹਉ ਮਾਂਗਉ ਸੰਤਨ ਰੇਨਾ ॥*
*ਮੈ ਨਾਹੀ ਕਿਸੀ ਕਾ ਦੇਨਾ ॥੧॥*
*ਮਾਧੋ ਕੈਸੀ ਬਨੈ ਤੁਮ ਸੰਗੇ ॥*
*ਆਪਿ ਨ ਦੇਹੁ ਤ ਲੇਵਉ ਮੰਗੇ ॥ ਰਹਾਉ ॥*
*ਦੁਇ ਸੇਰ ਮਾਂਗਉ ਚੂਨਾ ॥*
*ਪਾਉ ਘੀਉ ਸੰਗਿ ਲੂਨਾ ॥*
*ਅਧ ਸੇਰੁ ਮਾਂਗਉ ਦਾਲੇ ॥*
*ਮੋ ਕਉ ਦੋਨਉ ਵਖਤ ਜਿਵਾਲੇ ॥੨॥*
*ਖਾਟ ਮਾਂਗਉ ਚਉਪਾਈ ॥*
*ਸਿਰਹਾਨਾ ਅਵਰ ਤੁਲਾਈ ॥*
*ਊਪਰ ਕਉ ਮਾਂਗਉ ਖੀਂਧਾ ॥*
*ਤੇਰੀ ਭਗਤਿ ਕਰੈ ਜਨੁ ਥੀਂਧਾ ॥੩॥*
*ਮੈ ਨਾਹੀ ਕੀਤਾ ਲਬੋ ॥*
*ਇਕੁ ਨਾਉ ਤੇਰਾ ਮੈ ਫਬੋ ॥*
*ਕਹਿ ਕਬੀਰ ਮਨੁ ਮਾਨਿਆ ॥*
*ਮਨੁ ਮਾਨਿਆ ਤਉ ਹਰਿ ਜਾਨਿਆ ॥੪॥੧੧॥*
*(ਅੰਗ ੬੫੬)*

ਇੱਥੇ ਇਹ ਵੀ ਧਿਆਨ ਦੇਣ ਵਾਲੀ ਗੱਲ ਹੈ ਕਿ ਲੋਭ ਵੱਸ ਹੋ ਕੇ ਗੁਰੂ ਸਾਹਿਬ ਅੱਗੇ ਮੰਗ ਨਹੀਂ ਰੱਖਣੀ। ਲੋਭ ਕਰਕੇ ਮੰਗ ਰੱਖਣੀ ਮਾੜੀ ਹੈ। ਹੁਣ ਕਿਸੇ ਕੋਲ ਢਾਈ ਲੱਖ ਵਾਲੀ ਕਾਰ ਹੈ ਤੇ ਉਸ ਨੇ ਕਿਸੇ ਦੂਜੇ ਦੀ ਨੌਂ ਲੱਖ ਵਾਲੀ ਕਾਰ ਵੇਖ ਲਈ ਤੇ ਮਨ ਵਿੱਚ ਆ ਗਿਆ ਕਿ ਮੇਰੇ ਕੋਲ ਵੀ ਨੌਂ ਲੱਖ ਵਾਲੀ ਕਾਰ ਹੋਵੇ ਤੇ ਉਹ ਫਿਰ ਗੁਰੂ ਸਾਹਿਬ ਦੇ ਚਰਨਾਂ ਵਿੱਚ ਅਰਦਾਸ ਬੇਨਤੀ ਕਰਦਾ ਹੈ ਕਿ ਮੈਨੂੰ ਵੀ ਨੌਂ ਲੱਖ ਵਾਲੀ ਕਾਰ ਦਿਓ। ਇਹ ਲੋਭ ਹੈ। ਇਹ ਗੁਰਮਤਿ ਅਨੁਸਾਰ ਪ੍ਰਵਾਨ ਨਹੀਂ।

ਹੁਣ ਕੋਈ ਕਿਰਾਏ ਦੇ ਮਕਾਨ ਵਿੱਚ ਰਹਿ ਰਿਹਾ ਹੈ ਤੇ ਸਤਿਗੁਰੂ ਜੀ ਦੇ ਚਰਨਾਂ ਵਿੱਚ ਅਰਦਾਸ ਬੇਨਤੀ ਕਰਦਾ ਹੈ ਕਿ ਭਾਵੇਂ ਛੋਟਾ ਹੀ ਹੋਵੇ, ਪਰ ਆਪਣੀ ਛੱਤ ਹੋਵੇ। ਇਹ ਅਰਦਾਸ ਬੇਨਤੀ ਜਾਇਜ਼ ਹੈ। ਬਿਸ਼ੰਬਰ ਦਾਸ ਨੇ ਬੇਨਤੀ ਕੀਤੀ ਕਿ ਹੇ ਸੱਚੇ ਪਾਤਸ਼ਾਹ ਜੀ! ਮੇਰੇ ਘਰ ਵਿੱਚ ਦਰਿੱਦਰੀ ਆ ਗਈ ਹੈ, ਗਰੀਬੀ ਆ ਗਈ ਹੈ, ਬਰਕਤ ਉੱਡ ਗਈ ਹੈ। ਕਿਰਪਾ ਕਰੋ। ਧੰਨ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਛੇ ਬਚਨ ਕੀਤੇ। ਮਹਾਰਾਜ ਜੀ ਕਹਿਣ ਲੱਗੇ, ਬਿਸ਼ੰਬਰ ਦਾਸ, ਇਹ ਛੇ ਬਚਨ ਮੰਨ ਲੈ। ਤੇਰਾ ਘਰ ਬਰਕਤਾਂ ਨਾਲ ਭਰ ਜਾਵੇਗਾ। ਧੰਨ ਗੁਰੂ ਕਲਗੀਧਰ ਪਿਤਾ ਜੀ ਨੇ ਸੋਝੀ ਬਖਸ਼ੀ। ਮਹਾਰਾਜ ਜੀ ਕਹਿਣ ਲੱਗੇ, ਪਹਿਲਾ ਬਚਨ- ਬਿਸ਼ੰਬਰ ਦਾਸ, ਘਰ ਕੋਈ ਵੱਖਰੀ ਥੈਲੀ, ਬਰਤਨ ਜਾਂ ਡੱਬਾ ਲਗਾ ਲੈ ਤੇ ਦਸਵੰਧ ਦੇ ਰੂਪ ਵਿੱਚ ਮਾਇਆ ਗੁਰੂ ਸਾਹਿਬ ਦੇ ਨਾਂ ਤੇ ਕੱਢਣੀ ਹੈ।

ਦੂਜਾ ਬਚਨ- ਅੰਮ੍ਰਿਤ ਵੇਲੇ ਇਸ਼ਨਾਨ ਕਰਨਾ ਹੈ ਤੇ ਤੀਜਾ ਬਚਨ ਕਿਹਾ ਕਿ ਇਸ਼ਨਾਨ ਕਰਕੇ ਨਾਮ ਸਿਮਰਨ ਦਾ ਅਭਿਆਸ ਕਰਨਾ ਹੈ। ਸ੍ਰੀ ਗੁਰਪ੍ਰਤਾਪ ਸੂਰਜ ਗ੍ਰੰਥ ਵਿੱਚ ਇਹ ਹਵਾਲੇ

ਦਰਜ ਹਨ।

***ਸੁਨਹੁ ਬਿਸ਼ੰਬਰ ਕੌਡੀਆਂ ਨਿਤ ਗੁਰੂ ਹਿਤ ਪਾਂਚ।***
***ਜਾਮ ਨਹਾਈਐ ਨਾਮ ਧਿਆਈਐ ਘਰ ਕੀ ਕੀਜੈ ਕਾਰ।***

ਚੌਥਾ ਬਚਨ ਮਹਾਰਾਜ ਜੀ ਨੇ ਕੀਤਾ ਕਿ ਘਰ ਦਾ ਕਾਰ ਵਿਹਾਰ ਕਰਨਾ ਹੈ ਤੇ ਉਨਾ ਕੁ ਹੀ ਬੋਲਣਾ ਹੈ ਜਿੰਨੀ ਕੁ ਲੋੜ ਹੈ। ਅੱਜ ਕਲ੍ਹ ਇਸ ਬਚਨ ਨੂੰ ਕਮਾਉਣ ਦੀ ਲੋੜ ਹੈ। ਇਸ ਬਚਨ ਤੇ ਪਹਿਰਾ ਦੇਣ ਦੀ ਬਹੁਤ ਲੋੜ ਹੈ। ਮੋਬਾਈਲ ਦਾ ਸਮਾਂ ਚੱਲ ਰਿਹਾ ਹੈ। ਹਰ ਕੋਈ ਇਸ ਦੇ ਵਸ ਹੈ। ਕੋਈ ਸਫਰ ਤੇ ਜਾ ਰਿਹਾ ਹੈ, ਕਈ-ਕਈ ਘੰਟੇ ਇਸ ਵਿੱਚ ਹੀ ਮਸਤ ਰਹਿੰਦਾ ਹੈ। ਜੇ ਕਿਸੇ ਨਾਲ ਫੋਨ ਤੇ ਗੱਲ ਹੋ ਰਹੀ ਹੈ ਤੇ ਫਜ਼ੂਲ ਹੀ ਸਮਾਂ ਵਿਅਰਥ ਜਾ ਰਿਹਾ ਹੈ। ਕਿੰਨਾ-ਕਿੰਨਾ ਸਮਾਂ ਫੋਨ ਤੇ ਗੱਲ ਚਲਦੀ ਹੈ। ਸਾਡੇ ਕਿੰਨੇ ਸਵਾਸ ਇਸ ਤਰ੍ਹਾਂ ਅਜਾਈਂ ਜਾ ਰਹੇ ਹਨ ਤੇ ਇਸ ਨਾਲ ਬਿਰਤੀ ਵੀ ਕਿੰਨੀ ਖਿੰਡ ਰਹੀ ਹੈ। ਮਹਾਰਾਜ ਜੀ ਨੇ ਚੌਥਾ ਬਚਨ ਕੀਤਾ ਹੈ ਕਿ ਲੋੜ ਅਨੁਸਾਰ ਬੋਲਣਾ ਹੈ ਤੇ ਸਵਾਸਾਂ ਦੀ ਸੰਭਾਲ ਕਰਨੀ ਹੈ।

ਪੰਜਵਾਂ ਬਚਨ ਮਹਾਰਾਜ ਜੀ ਨੇ ਕੀਤਾ ਕਿ ਥੋੜ੍ਹਾ ਬੋਲ ਸਾਚਾ ਰੋਲ। ਸਾਚਾ ਰੋਲ ਤੋਂ ਭਾਵ ਸੱਚ ਗ੍ਰਹਿਣ ਕਰ। ਅਸੀਂ ਦੁਨਿਆਵੀ ਜੀਵ ਹਾਂ ਪਰ ਮਹਾਰਾਜ ਜੀ ਨੇ ਬਚਨ ਕੀਤਾ ਜਿੰਨਾ ਸੱਚ ਨੂੰ ਗ੍ਰਹਿਣ ਕਰ ਸਕਦਾ ਹੈਂ, ਉਹ ਗ੍ਰਹਿਣ ਕਰ।

ਛੇਵਾਂ ਬਚਨ ਮਹਾਰਾਜ ਜੀ ਨੇ ਕੀਤਾ, ਸਤਿਸੰਗ ਸੰਭਾਲ। ਸਤਿਸੰਗ ਦਾ ਸਮਾਂ ਸੰਭਾਲਣਾ ਹੈ। ਸ੍ਰੀ ਗੁਰਪ੍ਰਤਾਪ ਸੂਰਜ ਗ੍ਰੰਥ ਵਿੱਚ ਇਹ ਹਵਾਲਾ ਦਰਜ ਹੈ। ਮਹਾਂਕਵੀ ਭਾਈ ਸੰਤੋਖ ਸਿੰਘ ਜੀ ਨੇ ਉਹ ਸਮਾਂ ਬੜਾ ਸੁਹਣਾ ਲਿਖਿਆ ਹੈ:

***ਸੁਨਹੁ ਬਿਸ਼ੰਬਰ ਕੌਡੀਆਂ ਨਿਤ ਗੁਰੂ ਹਿਤ ਪਾਂਚ।***
***ਜਾਮ ਨਹਾਈਐ ਨਾਮ ਧਿਆਈਐ ਘਰ ਕੀ ਕੀਜੈ ਕਾਰ।***
***ਥੋੜ੍ਹਾ ਬੋਲ ਸਾਚਾ ਰੋਲ ਇਹ ਮਨ ਸੰਕਟ ਹਾਰ।***

ਗੁਰੂ ਸਾਹਿਬ ਜੀ ਨੇ ਬਚਨ ਕੀਤਾ ਕਿ ਜੇ ਇਹ ਛੇ ਬਚਨ ਸੰਭਾਲ ਲਵੇਂਗਾ, ਤੇਰੇ ਘਰ ਵਿੱਚੋਂ ਦਰਿੱਦਰੀ ਖਤਮ ਹੋ ਜਾਵੇਗੀ, ਬਰਕਤ ਆ ਜਾਵੇਗੀ। ਇਹ ਉਪਦੇਸ਼ ਕੇਵਲ ਭਾਈ ਬਿਸ਼ੰਬਰ ਦਾਸ ਜੀ ਵਾਸਤੇ ਨਹੀਂ, ਇਨ੍ਹਾਂ ਬਚਨਾਂ ਨੂੰ ਅਸੀਂ ਵੀ ਸੰਭਾਲੀਏ ਤਾਂ ਕਿ ਗੁਰੂ ਸਾਹਿਬ ਦੀਆਂ ਖੁਸ਼ੀਆਂ ਦੇ ਪਾਤਰ ਬਣ ਸਕੀਏ।

OOO

**ਧੰਨ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਅਪਾਰ ਕਿਰਪਾ ਅਤੇ ਸੰਗਤ ਦੀ ਅਸੀਸ ਸਦਕਾ**




**ਭਾਈ ਗੁਰਇਕਬਾਲ ਸਿੰਘ ਜੀ ਵੱਲੋਂ** **ਪਹਿਲਾ ਟ੍ਰੈਕਟ**

ਨਵਾਂ ਉਪਰਾਲਾ

# ਜੀਵਨੀ
## ਸ਼ਹੀਦ ਭਾਈ ਤਾਰੂ ਸਿੰਘ ਜੀ

*ਹੱਥਲਾ ਟ੍ਰੈਕਟ ਆਪ ਵੀ ਭਾਵਨਾ ਨਾਲ ਪੜ੍ਹੀਏ ਤੇ ਹੋਰਨਾਂ ਨੂੰ ਵੀ ਪੜ੍ਹਨ ਲਈ ਵੰਡੀਏ ਤਾਂ ਕਿ ਸ਼ਹੀਦ ਸਿੰਘਾਂ ਦਾ ਪਾਵਨ ਇਤਿਹਾਸ ਪੜ੍ਹ ਕੇ ਗੁਰੂ ਸਾਹਿਬ ਦੇ ਆਸ਼ੇ ਮੁਤਾਬਿਕ ਜੀਵਨ ਜਿਊਣ ਦੀ ਸੋਝੀ ਮਿਲ ਸਕੇ।*

*ਇਹ ਟ੍ਰੈਕਟ ਆਪ ਜੀ V.P.P. ਡਾਕ ਰਾਹੀਂ ਘਰ ਬੈਠੇ ਮੰਗਵਾ ਸਕਦੇ ਹੋ।*

**ਵੱਲੋਂ :- ਬੀਬੀ ਕੌਲਾਂ ਜੀ ਭਲਾਈ ਕੇਂਦਰ ਟਰੱਸਟ (ਚੈਰੀਟੇਬਲ) ਤਰਨ ਤਾਰਨ ਰੋਡ, ਸ੍ਰੀ ਅੰਮ੍ਰਿਤਸਰ 98765-25850**



# ਜੀਵਨ ਬਾਬਾ ਈਸ਼ਰ ਸਿੰਘ ਜੀ ਰਾੜਾ ਸਾਹਿਬ ਵਾਲੇ
# ਆਪਿ ਮੁਕਤੁ ਮੁਕਤ ਕਰੈ ਸੰਸਾਰੁ ॥

*-ਭਾਈ ਅਮਰੀਕ ਸਿੰਘ ਗਨੈਸਕ*

*ਲੜੀ ਜੋੜਨ ਲਈ ਪਿਛਲਾ ਅੰਕ ਦੇਖੋ ਜੀ :-*

ਇਲਾਹੀ ਗੁਰਬਾਣੀ ਦੇ ਅਖੰਡ ਪਾਠ ਪ੍ਰਕਾਸ਼ ਸਨ। ਦਿਨ ਵੇਲੇ ਦੀਵਾਨ ਸਜੇ। ਬਾਬਾ ਜੀ 22 ਸਾਲਾਂ ਬਾਅਦ ਪਿੰਡ ਆਲੋਵਾਲ ਆਏ ਸਨ। ਸਾਰੇ ਪਿੰਡ ਦੀ ਸੰਗਤ ਦੀਵਾਨ ਵਿੱਚ ਹਾਜ਼ਰੀ ਭਰਨ ਆਈ ਸੀ। ਆਲੇ-ਦੁਆਲੇ ਦੇ ਪਿੰਡਾਂ ਤੋਂ ਵੀ ਪਿਆਰ ਵਾਲੀ ਸੰਗਤ ਆਈ ਸੀ, ਪਰ ਪਿੰਡ ਆਲੋਵਾਲ ਦੇ ਹੀ ਤਿੰਨ-ਚਾਰ ਅਭਾਗੇ ਅਜਿਹੇ ਵੀ ਸਨ, ਜੋ ਕੁਝ ਹੋਰ ਹੀ ਵਿਉਂਤ ਬਣਾਈ ਬੈਠੇ ਸਨ।

ਕਿਹਾ ਜਾਂਦਾ ਹੈ ਕਿ ਦੂਰ-ਦੂਰ ਤੋਂ ਆ ਕੇ ਵੀ ਜਗਿਆਸੂ ਮਹਾਂਪੁਰਖਾਂ ਪਾਸੋਂ ਲਾਹੇ ਪ੍ਰਾਪਤ ਕਰ ਲੈਂਦੇ ਹਨ, ਪਰ ਕਈ ਲੋਕਾਂ ਦੀ ਮਹਾਂਪੁਰਸ਼ਾਂ ਤੇ ਭਾਵਨਾ ਨਹੀਂ ਬਣਦੀ। ਇਹ ਗੱਲ ਕਾਫੀ ਹੱਦ ਤੱਕ ਠੀਕ ਵੀ ਹੈ। ਪਿੰਡ ਆਲੋਵਾਲ ਦੀ ਸੰਗਤ ਤਾਂ ਭਾਵਨਾ ਨਾਲ ਕੀਰਤਨ ਸਰਵਣ ਕਰਨ ਆਈ ਸੀ ਪਰ ਇਹ ਨਿਭਾਗੇ ਸ਼ਰੀਕੇ ਦੇ ਦੁਰਭਾਵ ਵਿੱਚ ਸਨ ਅਤੇ ਇਸ ਦੁਰਭਾਵ ਵਿੱਚ ਅੱਤ ਨੀਵੇਂ ਦਰਜੇ ਦੀ ਸੋਚ ਸੋਚੀ ਬੈਠੇ ਸਨ।

ਜਿਸ ਵੇਲੇ ਮਹਾਂਪੁਰਖਾਂ ਨੇ ਕੀਰਤਨ ਆਰੰਭ ਕੀਤਾ ਉਨ੍ਹਾਂ ਕਰਮਹੀਣਾਂ ਨੇ ਚੁਬਾਰੇ ਵਿੱਚ ਗ੍ਰਾਮੋਫੋਨ, ਜਿਸਨੂੰ ਤਵਿਆਂ ਵਾਲੀ ਮਸ਼ੀਨ ਵੀ ਕਹਿੰਦੇ ਸਨ, ਉੱਤੇ ਉੱਚੀ ਅਵਾਜ਼ ਵਿੱਚ ਇੱਕ ਬਦਨਾਮ ਗਾਇਕ ਦੇ ਅਸ਼ਲੀਲ ਗਾਣੇ ਲਾ ਦਿੱਤੇ। ਬਾਬਾ ਜੀ ਨੇ ਕੁਝ ਪ੍ਰੇਮੀਆਂ ਨੂੰ ਇਹ ਕਹਿ ਕੇ ਭੇਜਿਆ, "ਜਾਓ ਉਨ੍ਹਾਂ ਨੂੰ ਕਹੋ ਕਿ ਇੱਥੇ ਕੀਰਤਨ ਹੋ ਰਿਹਾ ਹੈ, ਗੀਤ ਬੰਦ ਕਰ ਦੇਣ।"

ਜਦ ਉਨ੍ਹਾਂ ਨੂੰ ਜਾ ਕੇ ਕਿਹਾ ਗਿਆ ਤਾਂ ਉਨ੍ਹਾਂ ਦਾ ਕਹਿਣਾ ਸੀ, "ਅਸੀਂ ਕਿਉਂ ਬੰਦ ਕਰੀਏ, ਆਵਦੇ ਘਰ ਵਿੱਚ ਲਾਏ ਐ।"

ਉਨ੍ਹਾਂ ਨੂੰ ਬਹੁਤ ਸਮਝਾਇਆ ਗਿਆ, ਨਾ ਮੰਨੇ। ਬਾਬਾ ਜੀ ਨੇ ਦੀਵਾਨ ਵਿੱਚ ਨਿਰੋਲ ਕੀਰਤਨ ਕਰਕੇ ਸਮਾਪਤੀ ਕਰ ਦਿੱਤੀ, ਪ੍ਰਵਚਨ ਜਾਂ ਵਿਆਖਿਆ ਆਦਿ ਨਹੀਂ ਕੀਤੀ।

ਅਗਲੇ ਦਿਨ ਜਿਸ ਵੇਲੇ ਬਾਬਾ ਜੀ ਨੇ ਕੀਰਤਨ ਆਰੰਭ ਕੀਤਾ, ਉਨ੍ਹਾਂ ਨਾਸਤਕਾਂ ਨੇ ਫਿਰ ਗੰਦੇ ਗਾਣੇ ਲਾ ਦਿੱਤੇ। ਬਾਬਾ ਜੀ ਨੇ ਫਿਰ ਕੁਝ ਪ੍ਰੇਮੀ ਸਮਝਾਉਣ ਭੇਜੇ, ਪਰ ਅਭਾਗੇ ਨਾ ਮੰਨੇ। ਬਾਬਾ ਜੀ ਨੇ ਉਸ ਦਿਨ ਵੀ ਨਿਰੋਲ ਕੀਰਤਨ ਕਰਕੇ ਸਮਾਪਤੀ ਕਰ ਦਿੱਤੀ।

ਮਹਾਂਪੁਰਖਾਂ ਦਾ ਧੀਰਜ ਅਸੀਮ ਹੁੰਦਾ ਹੈ। ਗੁਨਾਹਗਾਰਾਂ ਨੂੰ ਵੀ ਉਹ ਮੌਕਾ ਦਿੰਦੇ ਹਨ ਕਿ ਮਤਾਂ ਦੁਰਭਾਵ ਛੱਡ ਹੀ ਦੇਣ। ਗੁਨਾਹਾਂ ਨੇ ਤਾਂ ਆਪਣਾ ਫਲ ਦੇਣਾ ਹੀ ਹੁੰਦਾ ਹੈ ਪਰ ਮਹਾਂਪੁਰਖ ਚਾਹੁੰਦੇ ਹਨ ਕਿ ਗੁਨਾਹਗਾਰ ਮੌਕਾ ਸੰਭਾਲ ਲਵੇ, ਔਗੁਣ ਛੱਡ ਦੇਵੇ।

ਬਾਬਾ ਕਰਮ ਸਿੰਘ ਜੀ (ਹੋਤੀ ਮਰਦਾਨ ਵਾਲਿਆਂ) ਦਾ ਬਹੁਤ ਤੇਜ ਪ੍ਰਤਾਪ ਸੀ। ਪਠਾਣ ਵੀ ਆਪ ਜੀ ਦਾ ਸਤਿਕਾਰ ਕਰਦੇ ਸਨ। ਕੁਝ ਐਸੇ ਸਨ ਜੋ ਭੈਅ ਖਾਂਦੇ ਸਨ। ਜਦ ਆਪ ਜੀ ਨੇ ਪੰਜ ਭੂਤਕ ਸਰੀਰ ਦਾ ਓਹਲਾ ਕਰ ਲਿਆ, ਅਸਥਾਨ ਦੀ ਸੇਵਾ ਬਾਬਾ ਆਇਆ ਸਿੰਘ ਜੀ ਨੂੰ ਪ੍ਰਾਪਤ ਹੋਈ।

ਹੋਤੀ ਮਰਦਾਨ ਅਸਥਾਨ ਤੋਂ ਕੁਝ ਦੂਰ ਇੱਕ ਪਿੰਡ ਸੀ ਜਿੱਥੋਂ ਦੇ ਪਠਾਣ ਬਾਬਾ ਕਰਮ ਸਿੰਘ ਜੀ ਤੋਂ ਡਰਦੇ ਸਨ, ਪਰ ਹੁਣ ਉਹਨਾਂ ਨੂੰ ਲੱਗਦਾ ਸੀ ਕਿ ਬਾਬਾ ਆਇਆ ਸਿੰਘ ਜੀ ਸਧਾਰਣ ਮਨੁੱਖ ਹਨ। ਇਸ ਖਿਆਲ ਨੇ ਉਨ੍ਹਾਂ ਦੇ ਮੂਲ ਸੁਭਾਅ ਨੂੰ ਜਗਾ ਦਿੱਤਾ। ਜਦ ਦੂਰ ਦੁਰਾਡਿਓਂ ਆਉਂਦੀ ਸੰਗਤ ਉਨ੍ਹਾਂ ਦੇ ਪਿੰਡ ਵਿੱਚੋਂ ਲੰਘਦੀ ਤਾਂ ਉਹ ਕੁੱਤੇ ਛੱਡਣ ਲੱਗੇ। ਸੰਗਤ ਨੂੰ ਬੜੀ ਔਖ ਹੁੰਦੀ। ਬਾਬਾ ਆਇਆ ਸਿੰਘ ਜੀ ਨੂੰ ਇਸ ਬਾਰੇ ਦੱਸਿਆ ਗਿਆ ਤਾਂ ਆਪ ਜੀ ਨੇ ਸੰਗਤ ਨੂੰ ਕਿਹਾ ਕਿ ਸੰਗਤ ਉਸ ਪਿੰਡ ਵਿੱਚੋਂ ਆਉਣ ਦੀ ਥਾਂ ਦੂਸਰੇ ਰਾਹ, ਜੋ ਕੁਝ ਲਮੇਰਾ ਪੈਂਦਾ ਸੀ, ਆਇਆ ਕਰੇ।

ਸੰਗਤ ਦੂਸਰੇ ਰਸਤੇ ਆਉਣ ਲੱਗੀ ਪਰ ਪਠਾਣ ਕੁੱਤੇ ਲੈ ਕੇ ਉਸ ਰਸਤੇ ਵਿੱਚ ਬੈਠਣ ਲੱਗੇ। ਸੰਗਤ ਆਵੇ ਤਾਂ ਕੁੱਤੇ ਛੱਡ ਦਿਆ ਕਰਨ। ਬਾਬਾ ਜੀ ਨੂੰ ਫੇਰ ਬੇਨਤੀ ਕੀਤੀ ਗਈ।

ਇਸ ਵਾਰ ਬਾਬਾ ਜੀ ਨੇ ਪਠਾਣਾਂ ਲਈ ਬਸਤਰ ਅਤੇ ਗੁੜ ਭੇਜਿਆ, ਨਾਲ ਸੁਨੇਹਾ ਭੇਜਿਆ, "ਇਹ ਬਸਤਰ ਅਤੇ ਗੁੜ ਰੱਖੋ। ਸੰਗਤ ਨੂੰ ਤੰਗ ਪਰੇਸ਼ਾਨ ਕਰਨਾ ਛੱਡੋ। ਇਹ ਗੁਰੂ ਨਾਨਕ ਪਾਤਸ਼ਾਹ ਦੀ ਸੰਗਤ ਹੈ। ਜੇਕਰ ਤੁਸੀਂ ਨਾ ਹਟੇ ਤਾਂ ਇਹੋ ਬਸਤਰ ਤੁਹਾਡੇ ਕਫਨ ਬਣ ਜਾਣਗੇ।"

ਪਠਾਣਾਂ ਨੇ ਗੁੜ ਅਤੇ ਬਸਤਰ ਰੱਖ ਲਏ ਅਤੇ ਆਪਸ ਵਿੱਚ ਬਿਲਾਸ ਕਰਨ ਲੱਗੇ ਕਿ ਕੁੱਤਿਆਂ ਨੂੰ ਛੱਡਣਾ ਤਾਂ ਕਮਾਈ ਦਾ ਜ਼ਰੀਆ ਬਣ ਗਿਆ। ਉਹਨਾਂ ਨੇ ਉਹੀ ਗੁਸਤਾਖੀ ਦੁਹਰਾਈ। ਮਹਾਂਪੁਰਖ ਉਹਨਾਂ ਨੂੰ ਦੋ ਮੌਕੇ ਦੇ ਚੁੱਕੇ ਸਨ ਪਰ ਉਹ ਇਸ ਗੱਲ ਦਾ ਅਰਥ ਇਹੋ ਕੱਢ ਰਹੇ ਸਨ ਕਿ ਬਾਬਾ ਜੀ ਤਾਂ ਸਧਾਰਣ ਜਿਹੇ ਬੰਦੇ ਹਨ।

ਬਾਬਾ ਜੀ ਨੂੰ ਸੰਗਤ ਨੇ ਆ ਕੇ ਦੱਸਿਆ ਅਤੇ ਜ਼ਖਮ ਦਿਖਾਏ ਤਾਂ ਆਪ ਜੀ ਨੇ ਬਚਨ ਕੀਤਾ, "ਨਹੀਂ ਹਟੇ ਤਾਂ ਹੁਣ ਗੁਰੂ ਦੇਖੇਗਾ।"

ਪਠਾਣਾਂ ਦੇ ਪਿੰਡ ਇੱਕ ਮਰਗ ਹੋਈ ਅਤੇ ਐਸੀ ਮਰਗ ਹੋਈ ਕਿ ਇੱਕ ਲੜੀ ਚੱਲ ਪਈ। ਇੱਕ-ਇੱਕ ਕਰ ਕੇ ਪਠਾਣ ਮਰਨ ਲੱਗੇ। ਮੰਦੇ ਭਾਗੀਂ ਉਹਨਾਂ ਨੂੰ ਇਹ ਸੋਝੀ ਵੀ ਨਹੀਂ ਆਈ ਕਿ ਭੁੱਲ ਬਖਸ਼ਾ ਲਈਏ। ਸਾਰੇ ਸ਼ਰਾਰਤੀਆਂ ਦਾ ਸਫਾਇਆ ਹੋ ਗਿਆ। ਹੁਣ ਪਠਾਣੀਆਂ ਨੇ ਆ ਕੇ ਭੁੱਲ ਬਖਸ਼ਾਈ।

ਇਸੇ ਤਰ੍ਹਾਂ ਬਾਬਾ ਜੀ ਨੇ ਆਲੋਵਾਲ ਵਿਖੇ ਉਹਨਾਂ ਨਿਭਾਗਿਆਂ ਨੂੰ ਦੋ ਮੌਕੇ ਦੇ ਦਿੱਤੇ ਸਨ ਪਰ ਇਸ ਗੱਲ ਨੂੰ ਉਹ ਮਸ਼ਖਰੀ ਵਿੱਚ ਲੈ ਰਹੇ ਸਨ। ਤੀਸਰੇ ਦਿਨ ਅਖੰਡ ਪਾਠ ਦੇ ਭੋਗ ਸਮੇਂ ਉਨ੍ਹਾਂ ਨੇ ਫਿਰ ਗ੍ਰਾਮੋਫੋਨ ਲਾ ਦਿੱਤਾ। ਮਹਾਂਪੁਰਖਾਂ ਨੇ ਇੱਕ ਵਾਰ ਫਿਰ ਕੁਝ ਪ੍ਰੇਮੀਆਂ ਨੂੰ ਭੇਜਿਆ ਪਰ ਉਨ੍ਹਾਂ ਨੇ ਬੇਅਦਬੀ ਦੇ ਲਫਜ਼ ਕਹੇ ਅਤੇ ਸ਼ਰਾਬ-ਕਬਾਬ ਦਾ ਦੌਰ ਚਲਾਉਣ ਲੱਗੇ।

"ਬਾਬਾ ਜੀ! ਉਹ ਨਹੀਂ ਹਟਦੇ। ਪੁੱਠਾ ਬੋਲਦੇ ਨੇ।" ਸਮਝਾਉਣ ਗਏ ਪ੍ਰੇਮੀਆਂ ਨੇ ਵਾਪਸ ਆ ਕੇ ਦੱਸਿਆ।

"ਅੱਛਾ ਭਾਈ! ਗੁਰੂ ਹਟਾਵੇਗਾ।" ਬਾਬਾ ਜੀ ਨੇ ਬਚਨ ਕੀਤਾ।

*—ਬਾਕੀ ਹਿੱਸਾ ਪੰਨਾ 22 'ਤੇ ਪੜ੍ਹੋ ਜੀ*

# ਅਧਿਆਤਮਿਕ ਵਿਚਾਰਾਂ

ਭਾਈ ਸਾਹਿਬ ਭਾਈ ਗੁਰਇਕਬਾਲ ਸਿੰਘ ਜੀ ਦੀਆਂ ਕੀਰਤਨ ਵਿਚਾਰਾਂ ਵਿੱਚੋਂ ਬਚਨ

ਲੜੀ ਜੋੜਨ ਲਈ ਪਿਛਲਾ ਅੰਕ ਦੇਖੋ ਜੀ :-

—ਸੰਪਾਦਕ

504

ਜੀਵਨ ਵਿੱਚ ਵਿਚਰਦਿਆਂ ਗੁਰੂ ਦਾ ਸਿੱਖ ਦੁਨਿਆਵੀਂ ਪਦਾਰਥਾਂ ਵਿੱਚ ਆਪਣੇ ਤੋਂ ਨੀਵੇਂ ਵਾਲੇ ਨੂੰ ਵੇਖੇ ਅਤੇ ਅਧਿਆਤਮਿਕ ਤਰੱਕੀ ਵਿੱਚ ਆਪਣੇ ਤੋਂ ਉੱਪਰ ਵਾਲੇ ਨੂੰ ਵੇਖੇ, ਇਸ ਨਾਲ ਸਹਿਜ ਬਣਿਆ ਰਵ੍ਹੇਗਾ।

505

ਧੰਨ ਗੁਰੂ ਨਾਨਕ ਦੇਵ ਜੀ ਮਹਾਰਾਜ ਦੀ ਦਿਆਲਤਾ ਇੰਨੀ ਵੱਡੀ ਹੈ ਕਿ ਜਿਸ ਤੇ ਦਿਆਲੂ ਹੋ ਜਾਣ, ਕੇਵਲ ਉਸਦੀ ਝੋਲੀ ਹੀ ਨਹੀਂ ਭਰਦੇ, ਉਸਨੂੰ ਝੋਲੀਆਂ ਭਰਨ ਵਾਲਾ ਬਣਾ ਦਿੰਦੇ ਹਨ।

506

ਧੰਨ ਗੁਰੂ ਰਾਮਦਾਸ ਜੀ ਦਾ ਦਰ ਇੰਨਾ ਵੱਡਾ ਹੈ ਕਿ ਜਿੰਨੀ ਵਾਰੀ ਵੀ ਕੋਈ ਮਨ ਕਰਕੇ ਸ਼ਰਨ ਆ ਜਾਵੇ, ਧੰਨ ਗੁਰੂ ਰਾਮਦਾਸ ਜੀ ਨੂੰ ਓਨੀ ਵਾਰੀ ਬਖਸ਼ ਲੈਂਦੇ ਹਨ।

ਧੰਨ ਧੰਨ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ 400 ਸਾਲਾ ਪਾਵਨ ਪ੍ਰਕਾਸ਼ ਦਿਵਸ ਨੂੰ ਸਮਰਪਿਤ

# ਨੌਵੇਂ ਪਾਤਸ਼ਾਹ ਜੀ ਦੇ ਸਲੋਕਾਂ ਦੀ ਵਿਚਾਰ

*—ਭਾਈ ਪਾਲ ਸਿੰਘ*

*ਲੜੀ ਜੋੜਨ ਲਈ ਪਿਛਲਾ ਅੰਕ ਦੇਖੋ ਜੀ :-*

***ਨੌਵੇਂ ਪਾਤਸ਼ਾਹ ਜੀ ਦਾ ਤੇਰ੍ਹਵਾਂ ਸਲੋਕ :***

***ਸੁਖੁ ਦੁਖੁ ਜਿਹ ਪਰਸੈ ਨਹੀ ਲੋਭੁ ਮੋਹੁ ਅਭਿਮਾਨੁ ॥***
***ਕਹੁ ਨਾਨਕ ਸੁਨੁ ਰੇ ਮਨਾ ਸੋ ਮੂਰਤਿ ਭਗਵਾਨ ॥੧੩॥***

*(ਅੰਗ ੧੪੨੭)*

ਜਿਸ ਮਨੁੱਖ ਦੇ ਹਿਰਦੇ ਨੂੰ ਸੁੱਖ-ਦੁੱਖ ਨਹੀਂ ਪੋਹ ਸਕਦਾ। ਲੋਭ, ਮੋਹ, ਅਹੰਕਾਰ ਨਹੀਂ ਪੋਹ ਸਕਦਾ, ਉਹ ਮਨੁੱਖ ਪਰਮਾਤਮਾ ਦਾ ਰੂਪ ਹੈ।

ਭਾਈ ਵੀਰ ਸਿੰਘ ਜੀ ਜੋ ਪੂਰਨ ਗੁਰਮਤਿ ਦੇ ਧਾਰਨੀ ਸਨ ਉਹ ਵੀ ਕਹਿੰਦੇ ਹਨ ਕਿ ਹੇ ਜੀਵ, ਪਰਮੇਸ਼ਰ ਨੇ ਤੈਨੂੰ ਸੰਸਾਰ ਵਿੱਚ ਭੇਜਿਆ ਹੈ, ਇਸ ਸੰਸਾਰ ਵਿੱਚ ਸੁੱਖ ਵੀ ਹਨ ਤੇ ਦੁੱਖ ਵੀ ਹਨ। ਇਹ ਦੋਵੇਂ ਕਰਤਾ ਪੁਰਖ ਨੇ ਬਣਾਏ ਹਨ। ਇਸ ਲਈ ਦੁੱਖ ਤੋਂ ਡਰ ਕੇ ਦੂਰ ਨਾ ਭੱਜ ਅਤੇ ਸੁੱਖ ਦੇ ਮਗਰ ਲੋਭੀ ਬਣ ਕੇ ਨਾ ਨੱਸ। ਦੁੱਖ-ਸੁੱਖ ਦੀਆਂ ਦੋਵੇਂ ਹਾਲਤਾਂ ਵਿੱਚ ਆਪਣੀ ਸੁਰਤ ਗੁਰੂ ਚਰਨਾਂ ਵਿੱਚ ਜੋੜ ਕੇ ਰੱਖ। ਬਹੁਤੇ ਸੁੱਖ ਦੀ ਪ੍ਰਾਪਤੀ ਤੇ ਆਪੇ ਤੋਂ ਬਾਹਰ ਨਹੀਂ ਹੋ ਜਾਣਾ।

ਸ੍ਰੀ ਗੁਰੂ ਨਾਨਕ ਦੇਵ ਜੀ ਨੇ ਤਾਂ ਦੁੱਖ ਨੂੰ ਦਾਰੂ (ਦਵਾਈ) ਫੁਰਮਾਨ ਕੀਤਾ ਹੈ। ਦੁੱਖ ਬੰਦੇ ਨੂੰ ਸੁਚੇਤ ਰੱਖਦਾ ਹੈ ਅਤੇ ਬਹੁਤੀ ਵਾਰ ਸੁੱਖ ਮਨੁੱਖ ਨੂੰ ਆਲਸੀ ਬਣਾ ਦਿੰਦਾ ਹੈ।

*ਪ੍ਰਮਾਣ :*

***ਦੁਖੁ ਦਾਰੂ ਸੁਖੁ ਰੋਗੁ ਭਇਆ ਜਾ ਸੁਖੁ ਤਾਮਿ ਨ ਹੋਈ ॥***

*(ਅੰਗ ੪੬੯)*

ਇਸ ਲਈ ਸੁੱਖ ਦੀ ਪ੍ਰਾਪਤੀ ਹੋਣ ਤੇ ਗੁਰੂ ਪਰਮੇਸ਼ਰ ਦਾ ਧੰਨਵਾਦ, ਸ਼ੁਕਰਾਨਾ ਕਰਨਾ ਹੈ, ਉੱਥੇ ਦੁੱਖ ਦੇ ਸਮੇਂ ਗੁਰੂ ਚਰਨਾਂ ਦਾ ਓਟ ਆਸਰਾ ਲੈ ਕੇ ਆਪਣੇ ਮਾਲਕ ਨੂੰ ਦੁੱਖ ਹਰਤਾ ਜਾਣ ਕੇ ਅਰਦਾਸ ਕਰਨੀ ਹੈ ਅਤੇ ਨਾਲ-ਨਾਲ ਦੁੱਖ ਅਤੇ ਸੁੱਖ ਨੂੰ ਇਕੋ ਸਿੱਕੇ ਦੇ ਦੋ ਪਾਸੇ ਜਾਣ ਕੇ ਆਪਣੇ ਮਾਲਕ ਦੀ ਰਜ਼ਾ ਵਿੱਚ ਰਾਜ਼ੀ ਰਹਿਣ ਦਾ ਯਤਨ ਕਰਨਾ ਚਾਹੀਦਾ ਹੈ, ਸਦੀਵੀ ਸੁੱਖ ਤਾਂ, ਦੁੱਖ-ਸੁੱਖ ਏਕ ਸਮਾਨ ਬਿਰਤੀ ਦੇ ਧਾਰਨੀ ਬਣਿਆ ਹੀ ਪ੍ਰਾਪਤ ਹੋਣਾ ਹੈ।

ਭਗਤ ਕਬੀਰ ਜੀ ਵੀ ਫੁਰਮਾਉਂਦੇ ਹਨ ਕਿ ਸੰਪੈ (ਸੰਪਤੀ) ਵੇਖ ਕੇ ਫੁੱਲੇ ਨਹੀਂ ਫਿਰਨਾ ਚਾਹੀਦਾ ਤੇ ਮੁਸੀਬਤ ਵੇਖ ਕੇ ਦੁਖੀ ਨਹੀਂ ਹੋਣਾ ਚਾਹੀਦਾ। ਜੋ ਕੁਝ ਪਰਮਾਤਮਾ ਕਰਦਾ ਹੈ ਉਹੀ ਹੁੰਦਾ ਹੈ ਜਿਵੇਂ

ਰਾਜ-ਭਾਗ ਸੰਪਤੀ ਪ੍ਰਭੂ ਦਾ ਦਿੱਤਾ ਹੀ ਮਿਲਦਾ ਹੈ ਤਿਵੇਂ ਬਿਪਤਾ ਵੀ ਉਸਦੀ ਰਜ਼ਾ ਹੈ।

*ਪ੍ਰਮਾਣ :*

***ਸੰਪੈ ਦੇਖਿ ਨ ਹਰਖੀਐ ਬਿਪਤਿ ਦੇਖਿ ਨ ਰੋਇ ॥***
***ਜਿਉ ਸੰਪੈ ਤਿਉ ਬਿਪਤਿ ਹੈ ਬਿਧ ਨੇ ਰਚਿਆ ਸੋ ਹੋਇ ॥੩॥***

*(ਅੰਗ ੩੩੭)*

ਭਾਈ ਰੂਪੇ ਦੇ ਪੋਤਰਿਆਂ ਭਾਈ ਪਰਮ ਸਿੰਘ ਤੇ ਭਾਈ ਧਰਮ ਸਿੰਘ ਨੇ ਸਾਹਿਬਜ਼ਾਦਿਆਂ ਲਈ ਅਫਸੋਸ ਕੀਤਾ ਤਾਂ ਕਲਗੀਧਰ ਜੀ ਨੇ ਲਕੀਰਾਂ ਖਿੱਚ ਕੇ ਫੇਰ ਮਿਟਾ ਕੇ ਦੱਸਿਆ ਕਿ ਜਿਵੇਂ ਲਕੀਰਾਂ ਖਿੱਚੀਆਂ ਤੇ ਮੇਟੀਆਂ ਹਨ ਇਸ ਤਰ੍ਹਾਂ ਸਾਹਿਬਜ਼ਾਦੇ ਵਾਹਿਗੁਰੂ ਦੀ ਅਮਾਨਤ ਸੀ, ਉਸ ਪਾਸ ਚਲੀ ਗਈ ਹੈ।

ਵੇਖੋ ! ਛੋਟੇ ਸਾਹਿਬਜ਼ਾਦਿਆਂ ਨੂੰ ਉਸ ਸਮੇਂ ਦੀ ਹਕੂਮਤ ਵੱਲੋਂ ਕਈ ਤਰ੍ਹਾਂ ਦੇ ਸੁੱਖਾਂ ਦੇ ਲਾਲਚ ਦਿੱਤੇ ਤੇ ਦੁੱਖ ਦੇਣ ਵਾਸਤੇ ਡਰਾਵੇ ਵੀ ਦਿੱਤੇ ਗਏ ਪਰ ਉਨ੍ਹਾਂ ਨੇ ਕਿਸੇ ਵੀ ਦੁੱਖ ਦੀ ਪ੍ਰਵਾਹ ਨਾ ਕੀਤੀ ਤੇ ਬਹੁਤੇ ਸੁੱਖਾਂ ਨਾਲ ਮੋਹ ਨਾ ਕੀਤਾ। ਇਸ ਲਈ ਪਰਮਾਤਮਾ ਦਾ ਨਾਮ ਜਿਨ੍ਹਾਂ ਮਨੁੱਖਾਂ ਦੀ ਜ਼ਿੰਦਗੀ ਦਾ ਆਸਰਾ ਬਣਦਾ ਹੈ। ਉਨ੍ਹਾਂ ਨੂੰ ਸਦਾ ਹੀ ਅਨੰਦ ਅਤੇ ਸੁੱਖ ਮਿਲਦਾ ਹੈ ਕਿਉਂਕਿ ਗੁਰੂ ਦੇ ਸ਼ਬਦ ਵਿੱਚ ਜੁੜਕੇ ਉਨ੍ਹਾਂ ਪਰਮਾਤਮਾ ਨੂੰ ਪਾ ਲਿਆ ਹੈ ਜੋ ਸਾਰੇ ਦੁੱਖ ਦੂਰ ਕਰਨ ਦੀ ਸਮਰੱਥਾ ਰੱਖਦਾ ਹੈ।

*ਪ੍ਰਮਾਣ :*

***ਤਿਨਾ ਅਨੰਦੁ ਸਦਾ ਸੁਖੁ ਹੈ ਜਿਨਾ ਸਚੁ ਨਾਮੁ ਆਧਾਰੁ ॥***
***ਗੁਰ ਸਬਦੀ ਸਚੁ ਪਾਇਆ ਦੂਖ ਨਿਵਾਰਣਹਾਰੁ ॥***

*(ਅੰਗ ੩੬)*

ਸੋ ਧੰਨ ਗੁਰੂ ਤੇਗ ਬਹਾਦਰ ਪਾਤਸ਼ਾਹ ਜੀ ਆਖਦੇ ਹਨ ਜਿਸ ਮਨੁੱਖ ਦੇ ਹਿਰਦੇ ਨੂੰ ਸੁੱਖ-ਦੁਖ ਨਹੀਂ ਪੋਹ ਸਕਦਾ। ਲੋਭ, ਮੋਹ, ਅਹੰਕਾਰ ਨਹੀਂ ਪੋਹ ਸਕਦਾ। ਉਹ ਮਨੁੱਖ ਪਰਮਾਤਮਾ ਦਾ ਰੂਪ ਹੈ।

ooo

## *ਨੌਵੇਂ ਪਾਤਸ਼ਾਹ ਜੀ ਦਾ ਚੌਦਵਾਂ ਸਲੋਕ :*

***ਉਸਤਤਿ ਨਿੰਦਿਆ ਨਾਹਿ ਜਿਹਿ ਕੰਚਨ ਲੋਹ ਸਮਾਨਿ ॥***
***ਕਹੁ ਨਾਨਕ ਸੁਨਿ ਰੇ ਮਨਾ ਮੁਕਤਿ ਤਾਹਿ ਤੈ ਜਾਨਿ ॥੧੪॥***

*(ਅੰਗ ੧੪੨੭)*

ਧੰਨ ਗੁਰੂ ਤੇਗ ਬਹਾਦਰ ਪਾਤਸ਼ਾਹ ਜੀ ਆਖਦੇ ਹਨ ਕਿ ਜਿਸ ਮਨੁੱਖ ਦੇ ਮਨ ਨੂੰ ਉਸਤਤਿ ਅਤੇ ਨਿੰਦਿਆ ਨਹੀਂ ਡੁਲਾ ਸਕਦੀ, ਜਿਸ ਨੂੰ ਸੋਨਾ ਅਤੇ ਲੋਹਾ ਇਕੋ ਜਿਹੇ ਦਿੱਸਦੇ ਹਨ (ਭਾਵ ਜੋ ਲਾਲਚ ਵਿੱਚ ਨਹੀਂ ਫਸਦਾ) ਇਹ ਪੱਕੀ ਜਾਣ ਕਿ ਉਸਨੂੰ ਮੋਹ ਤੋਂ ਛੁਟਕਾਰਾ ਮਿਲ ਚੁੱਕਾ ਹੈ।

ਧੰਨ ਗੁਰੂ ਨਾਨਕ ਦੇਵ ਜੀ ਅਤੇ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਜੁਗੋ ਜੁਗ ਰਹਿਣ ਵਾਲੀ ਇਲਾਹੀ ਸ਼ਾਨ ਨੂੰ ਪ੍ਰਗਟ ਕਰਨ ਲਈ ਬਾਬਾ ਨੰਦ ਸਿੰਘ ਜੀ ਆਪਣੀ ਰੂਹਾਨੀਅਤ ਅਤੇ ਵਡਿਆਈ ਨੂੰ ਛੁਪਾ ਕੇ ਰੱਖਦੇ ਸਨ। ਇਸੇ ਲਈ ਉਨ੍ਹਾਂ ਨੇ ਆਪਣੀ ਹਜ਼ੂਰੀ ਵਿੱਚ ਸੰਤ ਦੀ ਉਸਤਤੀ ਵਿੱਚ ਕੋਈ ਸ਼ਬਦ ਪੜ੍ਹਨ ਦੀ ਆਗਿਆ ਨਹੀਂ ਦਿੱਤੀ ਸੀ। ਆਪ ਕਿਹਾ ਕਰਦੇ ਸਨ ਮੈਂ ਸੱਚਾ ਸਿੱਖ ਬਣਨ ਦਾ ਯਤਨ ਕਰ ਰਿਹਾ ਹਾਂ।

ਭਗਤ ਕਬੀਰ ਜੀ ਵੀ ਕਹਿੰਦੇ ਹਨ ਕਿ ਕਿਸੇ ਮਨੁੱਖ ਦੀ ਝੂਠੀ ਖੁਸ਼ਾਮਦ ਕਰਨੀ ਜਾਂ ਕਿਸੇ ਦੇ ਐਬ ਫਰੋਲਣੇ ਦੋਵੇਂ ਕੰਮ ਮਾੜੇ ਹਨ। ਇਸ ਲਈ ਇਹ ਖਿਆਲ ਹੀ ਛੱਡ ਦਿਓ ਕਿ ਕੋਈ ਤੁਹਾਡਾ ਆਦਰ ਕਰਦਾ ਹੈ ਜਾਂ ਕੋਈ ਆਕੜ ਵਿਖਾਉਂਦਾ ਹੈ। ਜੋ ਮਨੁੱਖ ਲੋਹੇ ਤੇ ਸੋਨੇ ਨੂੰ ਇਕੋ ਜਿਹਾ ਜਾਣਦੇ ਹਨ

ਉਹ ਭਗਵਾਨ ਦਾ ਰੂਪ ਹਨ।

***ਉਸਤਤਿ ਨਿੰਦਾ ਦੋਊ ਬਿਬਰਜਿਤ***
***ਤਜਹੁ ਮਾਨੁ ਅਭਿਮਾਨਾ ॥***
***ਲੋਹਾ ਕੰਚਨੁ ਸਮ ਕਰਿ ਜਾਨਹਿ***
***ਤੇ ਮੂਰਤਿ ਭਗਵਾਨਾ ॥੧॥***

*(ਅੰਗ ੧੧੨੩)*

ਇੱਕ ਵਾਰੀ ਭਾਈ ਰਤਨ ਸਿੰਘ ਜੀ ਨੇ ਬਾਬਾ ਨੰਦ ਸਿੰਘ ਨੂੰ ਬੇਨਤੀ ਕੀਤੀ ਕਿ ਇੱਕ ਆਦਮੀ ਹਮੇਸ਼ਾਂ ਤੁਹਾਡੇ ਬਾਰੇ ਬੋਲ-ਕਬੋਲ ਬੋਲਦਾ ਰਹਿੰਦਾ ਹੈ। ਬਾਬਾ ਜੀ ਮੁਸਕਰਾ ਕੇ ਕਹਿਣ ਲੱਗੇ ਰਤਨ ਸਿੰਘ, ਉਸ ਆਦਮੀ ਦੀ ਤੇਰੇ ਨਾਲੋਂ ਪਹਿਲਾਂ ਮੁਕਤੀ ਹੋਵੇਗੀ ਕਿਉਂਕਿ ਉਹ ਤੇਰੇ ਨਾਲੋਂ ਵਧੇਰੇ ਧਿਆਨ ਨਾਲ ਯਾਦ ਕਰਦਾ ਹੈ। ਪਵਿੱਤਰ ਗੁਰਬਾਣੀ ਦਾ ਫੁਰਮਾਨ ਹੈ ਕਿ ਪ੍ਰਭੂ ਦਾ ਭਗਤ ਸਦਾ ਪਰਮਾਤਮਾ ਦੇ ਗੁਣ ਗਾਉਂਦਾ ਹੈ। ਜੇ ਕੋਈ ਮਨੁੱਖ ਉਸ ਭਗਤ ਦੀ ਨਿੰਦਾ ਕਰੇ ਤਾਂ ਉਹ ਆਪਣੇ ਪਰਉਪਕਾਰ ਵਾਲੇ ਸੁਭਾਅ ਨੂੰ ਫਿਰ ਵੀ ਨਹੀਂ ਤਿਆਗਦਾ।

***ਹਰਿ ਜਨੁ ਰਾਮ ਨਾਮ ਗੁਨ ਗਾਵੈ ॥***
***ਜੇ ਕੋਈ ਨਿੰਦ ਕਰੇ ਹਰਿ ਜਨ ਕੀ***
***ਅਪੁਨਾ ਗੁਨੁ ਨ ਗਵਾਵੈ ॥੧॥***

*(ਅੰਗ ੭੧੯)*

ਭਗਤ ਕਬੀਰ ਜੀ ਵੀ ਕਹਿੰਦੇ ਹਨ, ਜਗਤ ਬੇਸ਼ੱਕ ਮੇਰੀ ਨਿੰਦਾ ਕਰੇ, ਪ੍ਰਭੂ ਦੇ ਸੇਵਕ ਨੂੰ ਆਪਣੀ ਨਿੰਦਿਆ ਹੁੰਦੀ ਚੰਗੀ ਲੱਗਦੀ ਹੈ ਕਿਉਂਕਿ ਨਿੰਦਕ ਸੇਵਕ ਦਾ ਮਾਂ ਪਿਓ ਹੈ।

***ਨਿੰਦਉ ਨਿੰਦਉ ਮੋ ਕਉ ਲੋਗੁ ਨਿੰਦਉ ॥***
***ਨਿੰਦਾ ਜਨ ਕਉ ਖਰੀ ਪਿਆਰੀ ॥***
***ਨਿੰਦਾ ਬਾਪੁ ਨਿੰਦਾ ਮਹਤਾਰੀ ॥੧॥ ਰਹਾਉ ॥***

*(ਅੰਗ ੩੩੯)*

ਪ੍ਰਭੂ ਦੇ ਭਗਤ ਨੂੰ ਜਿੱਥੇ ਨਿੰਦਾ ਦੀ ਕੋਈ ਪਰਵਾਹ ਨਹੀਂ ਉੱਥੇ ਮਾਇਆ ਵੀ ਉਸਦੇ ਚਿੱਤ ਨੂੰ ਨਹੀਂ ਡੁਲਾ ਸਕਦੀ। ਇੱਕ ਵਾਰੀ ਬਿਰਲੇ ਸੇਠ ਨੇ ਆ ਕੇ ਬੇਨਤੀ ਕੀਤੀ, "ਬਾਬਾ ਜੀ! ਧਰਮ ਖਾਤੇ ਦਾ ਪੈਸਾ ਕਈ ਲਖ ਇਕੱਠਾ ਹੋ ਗਿਆ ਹੈ। ਆਪ ਜੀ ਹੁਕਮ ਦਿਓ ਤਾਂ ਕਿਸੇ ਸੇਵਾ ਵਿੱਚ ਲਾ ਦੇਈਏ।

ਬਾਬਾ ਨੰਦ ਸਿੰਘ ਜੀ ਨੇ ਉੱਤਰ ਦਿੱਤਾ, ਸੇਠ ਜੀ, ਅਸੀਂ ਜ਼ਿੰਦਗੀ ਵਿੱਚ ਪ੍ਰਣ ਕੀਤਾ ਹੋਇਆ ਹੈ ਨਾ ਤਾਂ ਮਾਇਆ ਨੂੰ ਹੱਥ ਲਾਉਂਦੇ ਹਾਂ ਨਾ ਹੀ ਸਾਡੇ ਪਾਸ ਲੰਗਰ ਪਕਦਾ ਹੈ। ਅਸੀਂ ਮਾਇਆ ਕੀ ਕਰਨੀ ਹੈ। ਹੋਰ ਕਿਸੇ ਲੋੜਵੰਦ ਨੂੰ ਦਾਨ ਕਰੋ।

ਇਹ ਬਚਨ ਸੁਣ ਕੇ, ਨਾਲ ਜੋ ਸਾਥੀ ਆਇਆ ਸੀ ਉਹ ਬੋਲਿਆ, ਮਹਾਰਾਜ ਇੰਨਾ ਵੱਡਾ ਦਾਨੀ ਤੁਹਾਨੂੰ ਹੋਰ ਕੋਈ ਨਹੀਂ ਲੱਭਣਾ।

ਹੁਣ ਬਾਬਾ ਜੀ ਭੀ ਬੀਰ ਰਸ ਵਿੱਚ ਹੋ ਕੇ ਕਹਿਣ ਲੱਗੇ, ਗੁਰੂ ਸਾਹਿਬ ਦੀ ਕਿਰਪਾ ਨਾਲ ਮਾਇਆ ਨੂੰ ਠੁਡਾ ਮਾਰਨ ਵਾਲਾ ਭੀ ਸਿੱਖ ਨਹੀਂ ਲੱਭੇਗਾ। ਇਸੇ ਲਈ ਸਤਿਗੁਰੂ ਕਹਿੰਦੇ ਹਨ ਜਿਸ ਵਾਸਤੇ ਲੋਹਾ ਤੇ ਸੋਨਾ ਇੱਕ ਬਰਾਬਰ ਹੈ, ਉਸ ਨੂੰ ਤੂੰ ਮੁਕਤ ਸਮਝ।

OOO

### ***ਨੌਵੇਂ ਪਾਤਸ਼ਾਹ ਜੀ ਦਾ ਪੰਦਰਵਾਂ ਸਲੋਕ :***

***ਹਰਖੁ ਸੋਗੁ ਜਾ ਕੈ ਨਹੀ ਬੈਰੀ ਮੀਤ ਸਮਾਨਿ ॥***
***ਕਹੁ ਨਾਨਕ ਸੁਨਿ ਰੇ ਮਨਾ ਮੁਕਤਿ ਤਾਹਿ ਤੈ ਜਾਨਿ ॥੧੫॥***

*(ਅੰਗ ੧੪੨੭)*

ਜਿਸ ਮਨੁੱਖ ਦੇ ਹਿਰਦੇ ਵਿੱਚ ਖੁਸ਼ੀ ਗਮੀ

ਆਪਣਾ ਜ਼ੋਰ ਨਹੀਂ ਪਾ ਸਕਦੀ, ਜਿਸ ਨੂੰ ਵੈਰੀ ਤੇ ਮਿੱਤਰ ਇਕੋ ਜਿਹੇ ਜਾਪਦੇ ਹਨ, ਉਸਨੂੰ ਤੂੰ ਮੁਕਤ ਹੀ ਜਾਣ।

ਧੰਨ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਕਹਿੰਦੇ ਹਨ ਕਿ ਜਿਸ ਨੂੰ ਖੁਸ਼ੀ ਤੇ ਗਮੀ ਇਕੋ ਜਿਹੀ ਪ੍ਰਤੀਤ ਹੋਵੇ ਉਹ ਹਮੇਸ਼ਾਂ ਅਨੰਦ ਦੀ ਅਵਸਥਾ ਵਿੱਚ ਵਿਚਰਦਾ ਹੈ।

***ਤੈਸਾ ਹਰਖੁ ਤੈਸਾ ਉਸੁ ਸੋਗੁ ॥***
***ਸਦਾ ਅਨੰਦੁ ਤਹ ਨਹੀ ਬਿਓਗੁ ॥***

*(ਅੰਗ ੨੭੫)*

ਧੰਨ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਪਿਆਰ ਵਾਲੇ ਸਿੱਖ ਭਾਈ ਵਸਾਵਾ ਜੀ ਬਲਖ ਬੁਖਾਰੇ ਰਹਿੰਦੇ ਸਨ। ਗੁਰੂ ਸਾਹਿਬ ਜੀ ਨੇ ਇੱਕ ਸਿੱਖ ਨੂੰ ਭਾਈ ਵਸਾਵਾ ਜੀ ਵੱਲ ਭੇਜਿਆ ਕਿ ਈਰਾਨ ਤੋਂ ਵਧੀਆ ਘੋੜੇ ਖਰੀਦ ਕੇ ਲਿਆਉਣ।

ਭਾਈ ਵਸਾਵਾ ਜੀ ਨੇ ਸਤਿਗੁਰੂ ਜੀ ਦੇ ਚਰਨਾਂ ਦਾ ਧਿਆਨ ਧਰ ਕੇ ਅਰਦਾਸ ਕੀਤੀ ਤੇ ਘੋੜੇ ਖਰੀਦਣ ਵਾਸਤੇ ਘਰੋਂ ਤੁਰ ਪਏ। ਭਾਈ ਵਸਾਵਾ ਜੀ ਅਜੇ ਕੁਝ ਦੂਰੀ ਤੇ ਹੀ ਗਏ ਕਿ ਪਿੱਛੋਂ ਇੱਕ ਆਦਮੀ ਜੋ ਤੇਜ਼ ਦੌੜਨ ਵਾਲੇ ਘੋੜੇ ਤੇ ਸਵਾਰ ਸੀ ਉਸ ਨੇ ਜਾ ਕੇ ਕਿਹਾ, ਭਾਈ ਜੀ, ਤੁਹਾਡਾ ਇਕਲੌਤਾ ਲਾਡਲਾ ਪੁੱਤਰ ਚੜ੍ਹਾਈ ਕਰ ਗਿਆ ਹੈ ਤੁਸੀਂ ਘਰ ਵਾਪਸ ਆ ਜਾਵੋ ਲੜਕੇ ਦਾ ਸਸਕਾਰ ਤੁਹਾਡੇ ਘਰ ਪੁੱਜਣ ਤੇ ਹੀ ਕੀਤਾ ਜਾਵੇਗਾ।

ਭਾਈ ਵਸਾਵਾ ਜੀ ਇੱਕ ਸਿਦਕੀ ਸਿੱਖ ਸੀ ਇਹ ਸੁਣਕੇ ਕੋਈ ਸੋਗ ਨਹੀਂ ਕੀਤਾ ਸਗੋਂ ਕਹਿਣ ਲੱਗੇ ਵੀਰ! ਜੋ ਕੁਝ ਹੋਣਾ ਸੀ ਉਹ ਹੋ ਗਿਆ ਹੈ। ਮੇਰੇ ਘਰ ਵਾਪਸ ਮੁੜਨ ਤੇ ਉਸਨੇ ਜਿੰਦਾ ਤਾਂ ਹੋਣਾ ਨਹੀਂ, ਵਾਹਿਗੁਰੂ ਆਪਣੀ ਅਮਾਨਤ ਵਾਪਸ ਲੈ ਗਿਆ ਹੈ। ਇਸ ਲਈ ਮੇਰੀ ਘਰਵਾਲੀ ਨੂੰ ਮੇਰੇ ਵੱਲੋਂ ਇਹ ਸੁਨੇਹਾ ਦੇਵੀਂ ਕਿ ਉਹ ਰੋਵੇ ਕੁਰਲਾਵੇ ਨਾ ਜੇ ਵਾਹਿਗੁਰੂ ਨੇ ਸਾਨੂੰ ਬੱਚੇ ਦਾ ਸੁੱਖ ਬਖਸ਼ਣਾ ਹੋਵੇਗਾ ਤਾਂ ਹੋਰ ਪੁੱਤਰ ਬਖਸ਼ ਦੇਣਗੇ। ਮੈਂ ਤਾਂ ਹੁਣ ਗੁਰੂ ਬਖਸ਼ਿਸ਼ ਸਦਕਾ ਘੋੜੇ ਖਰੀਦ ਕੇ ਹੀ ਮੁੜਾਂਗਾ।

ਪੂਰੇ ਪੰਜ ਮਹੀਨਿਆਂ ਪਿੱਛੋਂ ਭਾਈ ਵਸਾਵਾ ਜੀ ਸਤਿਗੁਰਾਂ ਵਾਸਤੇ ਘੋੜੇ ਖਰੀਦ ਕੇ ਸ੍ਰੀ ਅੰਮ੍ਰਿਤਸਰ ਸਾਹਿਬ ਵਿਖੇ ਪਹੁੰਚੇ। ਭਾਵੇਂ ਅੰਤਰਯਾਮੀ ਸਤਿਗੁਰੂ ਜੀ ਭਾਈ ਵਸਾਵਾ ਜੀ ਦਾ ਸਿੱਖੀ ਸਿਦਕ ਜਾਣ ਗਏ ਸਨ। ਪਰ ਸਿੱਖਾਂ ਕੋਲੋਂ ਉਸ ਦੇ ਪੁੱਤਰ ਦੀ ਮੌਤ ਬਾਰੇ ਜਾਣ ਕੇ ਮਿਹਰਾਂ ਦੇ ਘਰ ਆਏ ਤੇ ਭਾਈ ਵਸਾਵਾ ਜੀ ਨੂੰ ਕਹਿਣ ਲੱਗੇ, ਭਾਈ ਵਸਾਵਿਆ, ਅੱਗੇ ਤੇਰਾ ਇੱਕ ਪੁੱਤਰ ਸੀ ਹੁਣ ਤੇਰੇ ਘਰ ਦੋ ਪੁੱਤਰ ਹੋਣਗੇ। ਇਹ ਵਰ ਮਿਲਣ ਤੋਂ ਤਿੰਨ ਸਾਲ ਦੇ ਦਰਮਿਆਨ ਵਿੱਚ ਦੋ ਪੁੱਤਰ ਹੋਏ ਸਨ।

ਧੰਨ ਗੁਰੂ ਨਾਨਕ ਦੇਵ ਜੀ ਮਹਾਰਾਜ ਵੀ ਆਖਦੇ ਹਨ ਕਿ ਗੁਰਮੁੱਖ ਦੁਖ-ਸੁਖ ਨੂੰ ਇਕੋ ਜਿਹਾ ਜਾਣਦਾ ਹੈ। ਉਹ ਖੁਸ਼ੀ ਗਮੀ ਤੋਂ ਨਿਰਲੇਪ ਰਹਿੰਦਾ ਹੈ।

***ਦੁਖੁ ਸੁਖੁ ਗੁਰਮੁਖਿ ਸਮ ਕਰਿ ਜਾਣਾ***
***ਹਰਖ ਸੋਗ ਤੇ ਬਿਰਕਤੁ ਭਇਆ ॥***

*(ਅੰਗ ੯੦੭)*

ਮਹਾਂਪੁਰਖ ਬਚਨ ਕਰਦੇ ਹਨ, ਅਤਿ ਖੁਸ਼ੀ ਵਿੱਚ ਅਤੇ ਅਤਿ ਗਮੀ ਵਿੱਚ ਮਨੁੱਖ ਆਪਣੇ ਧੁਰੇ ਨਾਲੋਂ ਟੁੱਟ ਜਾਂਦਾ ਹੈ। ਧੰਨ ਹਨ ਉਹ ਗੁਰੂ ਪਿਆਰੇ, ਜਿਹੜੇ ਦੋਵਾਂ ਹਲਾਤਾਂ ਦੇ ਵਾਪਰਨ ਤੇ ਵੀ ਆਪਣੇ ਧੁਰੇ ਦਾ ਪੱਲਾ ਨਹੀਂ ਛੱਡਦੇ ਪਰ ਇਹ ਅਵਸਥਾ ਮਿਲਦੀ ਹੈ ਪੂਰੇ ਗੁਰੂ ਦੀ ਕ੍ਰਿਪਾ ਨਾਲ ਜੋ ਪ੍ਰਭੂ ਦੇ

ਚਰਨਾਂ ਵਿੱਚ ਜੁੜਿਆ ਹੋਇਆ ਹੈ ਉਸ ਉੱਤੇ ਮੋਹ, ਗਮ, ਰੋਗ ਆਪਣਾ ਜ਼ੋਰ ਨਹੀਂ ਪਾ ਸਕਦਾ ਕਿਉਂਕਿ ਉਹਨਾਂ ਦਾ ਮਨ ਪਰਮਾਤਮਾ ਦੇ ਮਿਲਾਪ ਦਾ ਅਨੰਦ ਮਾਣ ਰਿਹਾ ਹੁੰਦਾ ਹੈ।

***ਆਵਤ ਹਰਖ ਨ ਜਾਵਤ ਦੂਖਾ***
***ਨਹ ਬਿਆਪੈ ਮਨ ਰੋਗਨੀ ॥***
***ਸਦਾ ਅਨੰਦੁ ਗੁਰੁ ਪੂਰਾ ਪਾਇਆ***
***ਤਉ ਉਤਰੀ ਸਗਲ ਬਿਓਗਨੀ ॥੧॥***

***(ਅੰਗ ੮੮੩)***

ਗੁਰੂ ਘਰ ਵਿੱਚ ਵੈਰੀ ਮੀਤ ਸਮਾਨ ਬਿਰਤੀ ਵਾਲੇ ਬਹੁਤ ਗੁਰੂ ਪਿਆਰੇ ਹੋਏ ਹਨ ਜਿਵੇਂ ਭਾਈ ਘਨੱਈਆ ਜੀ ਸ੍ਰੀ ਅਨੰਦਪੁਰ ਸਾਹਿਬ ਵਿਖੇ ਮੁਗਲ ਤੇ ਬਾਈਧਾਰ ਦੀਆਂ ਫੌਜਾਂ ਨਾਲ ਹੋਈਆਂ ਜੰਗਾਂ ਵਿੱਚ ਜ਼ਖਮੀ ਦੁਸ਼ਮਣਾਂ ਨੂੰ ਵੀ ਜਲ ਛਕਾਉਂਦੇ ਤੇ ਮਲਮ ਪੱਟੀ ਕਰਦੇ ਸਨ। ਪਵਿੱਤਰ ਗੁਰਬਾਣੀ ਦਾ ਵੀ ਫ਼ਰਮਾਨ ਹੈ:

***ਨਾ ਕੋ ਮੇਰਾ ਦੁਸਮਨੁ ਰਹਿਆ ਨਾ ਹਮ ਕਿਸ ਕੇ ਬੈਰਾਈ ॥***

***(ਅੰਗ ੬੭੧)***

ਜਦੋਂ ਜ਼ਕਰੀਆ ਖਾਂ ਦੇ ਤੀਹ ਸਿਪਾਹੀ ਭਾਈ ਤਾਰੂ ਸਿੰਘ ਜੀ ਨੂੰ ਗ੍ਰਿਫਤਾਰ ਕਰਨ ਆਏ ਕਿ ਉਹ ਪਰਸ਼ਾਦੇ ਪਕਾ ਕੇ ਜੰਗਲਾਂ ਵਿੱਚ ਸਿੰਘਾਂ ਨੂੰ ਪਹੁੰਚਾਉਂਦਾ ਹੈ ਤਾਂ ਭਾਈ ਤਾਰੂ ਸਿੰਘ ਜੀ ਦੀ ਮਾਂ ਨੇ ਕਿਹਾ, ਤਾਰੂ ਸਿੰਘ ਬਾਹਰ ਖੇਤਾਂ ਵਿੱਚ ਗਿਆ ਹੈ, ਤੁਸੀਂ ਪਹਿਲਾਂ ਲੰਗਰ-ਪਾਣੀ ਛਕ ਲਓ। ਇਹ ਹੈ ਵੈਰੀ ਮੀਤ ਸਮਾਨ ਬਿਰਤੀ। ਐਸੀ ਬਿਰਤੀ ਵਾਲੇ ਨੂੰ ਪ੍ਰਭੂ ਸਾਰਿਆਂ ਵਿੱਚ ਵਿਆਪਕ ਦਿਸਦਾ ਹੈ ਇਸ ਲਈ ਉਸਨੂੰ ਵੈਰੀ ਅਤੇ ਮਿੱਤਰ ਇਕੋ ਜਿਹੇ ਦੱਸਦੇ ਹਨ।

***ਬੈਰੀ ਮੀਤ ਹੋਏ ਸੰਮਾਨ ॥***
***ਸਰਬ ਮਹਿ ਪੂਰਨ ਭਗਵਾਨ ॥***

***(ਅੰਗ ੧੧੪੭)***

ਇਸੇ ਲਈ ਧੰਨ ਗੁਰੂ ਤੇਗ ਬਹਾਦਰ ਜੀ ਪਾਤਸ਼ਾਹ ਆਖਦੇ ਹਨ ਕਿ ਜਿਸਨੂੰ ਖੁਸ਼ੀ ਤੇ ਗਮੀ ਨਹੀਂ ਹੈ। ਵੈਰੀ ਤੇ ਮਿੱਤਰ ਇੱਕ ਬਰਾਬਰ ਹਨ ਹੇ ਭਾਈ! ਉਸਨੂੰ ਤੂੰ ਮੁਕਤ ਜਾਣ।

ooo

***-ਬਾਕੀ ਸਲੋਕ***
***ਅਗਲੇ ਅੰਕ ਵਿੱਚ ਪੜ੍ਹੋ ਜੀ***

---

*ਪੰਨਾ 16 ਦਾ ਬਾਕੀ ਹਿੱਸਾ—*

ਕੁਝ ਹੀ ਦੇਰ ਬਾਅਦ ਗ੍ਰਾਮੋਫੋਨ ਬੰਦ ਹੋ ਗਿਆ। ਦੀਵਾਨ ਸਜਿਆ। ਬਾਬਾ ਜੀ ਨੇ ਅੱਜ ਗੁਰਮਤਿ ਵਿਚਾਰ ਵੀ ਕੀਤੀ। ਗੁਰਮਤਿ ਅਨੁਸਾਰ ਮਨੁੱਖਾ ਜਨਮ ਦੀ ਮਹੱਤਤਾ ਬਾਰੇ ਦੱਸਦਿਆਂ ਆਪ ਜੀ ਨੇ ਗੁਰਮਤਿ ਧਾਰਨ ਕਰਕੇ, ਗੁਰੂ ਵਾਲੇ ਬਣ ਕੇ ਜਨਮ ਸਫਲਾ ਕਰਨ ਦਾ ਉਪਦੇਸ਼ ਕੀਤਾ।

ਸਮਾਪਤੀ ਉਪਰੰਤ ਸੰਗਤ ਆਪੋ ਆਪਣੇ ਘਰ ਜਾਣ ਲੱਗੀ ਤਾਂ ਪਤਾ ਲੱਗਾ ਕਿ ਗ੍ਰਾਮੋਫੋਨ ਵਾਲੀ ਜੁੰਡਲੀ ਆਪਸ ਵਿੱਚ ਲੜ ਪਈ ਅਤੇ ਕਤਲ ਹੋ ਗਿਆ। ਗੁਸਤਾਖੀ ਦੀ ਹੱਦ ਟੱਪਣ ਦਾ ਫਲ ਉਨ੍ਹਾਂ ਨੂੰ ਪ੍ਰਾਪਤ ਹੋ ਗਿਆ ਸੀ। ਮਕਤੂਲ ਜ਼ਿੰਦਗੀ ਤੋਂ ਗਿਆ ਕਾਤਲ ਜੇਲ੍ਹੀਂ ਡੱਕ ਦਿੱਤੇ ਗਏ। ਗੁਰੂ ਸਾਹਿਬ ਅਤੇ ਸੰਗਤ ਦੀ ਬੇਅਦਬੀ ਨਾਲ ਬੰਦੇ ਦੀ ਜੜ੍ਹ ਪੁੱਟੀ ਜਾਂਦੀ ਹੈ। ਕੋਈ ਨਾਸਤਕ ਹੈ ਤਾਂ ਉਸਦੀ ਮਰਜ਼ੀ ਪਰ ਕਿਸੇ ਨੂੰ ਵੀ ਗੁਸਤਾਖ ਨਹੀਂ ਹੋਣਾ ਚਾਹੀਦਾ।

***ਅਦਬ ਰੱਖ, ਨਾ ਬਣ ਗੁਸਤਾਖ।***
***ਬੇਅਦਬ ਦੀ ਉੱਡ ਜਾਂਦੀ ਰਾਖ।***

# ਸਿੱਖ ਪੰਥ ਦੀਆਂ ਸਤਿਕਾਰਤ ਬੀਬੀਆਂ ਵਿੱਚੋਂ ਸਤਾਰ੍ਹਵਾਂ ਭਾਗ- ਧੰਨ ਧੰਨ ਮਾਤਾ ਅਜੀਤ ਕੌਰ ਜੀ ਧੰਨ ਧੰਨ ਮਾਤਾ ਜੀਤੋ ਜੀ

## ਉਹ ਕਿਹੜੇ ਗੁਰੂ ਮਹਿਲ ਬੀਬੀ ਜੀ ਸਨ ਜੋ ਸੰਗਤ ਨੂੰ ਆਪਣੇ ਤੋਂ ਵੱਡਾ ਸਮਝਦੇ ਸਨ?

**ਆਪ ਸਭ ਸੰਗਤਾਂ ਦੀ ਅਸੀਸ ਅਤੇ ਭਾਈ ਸਾਹਿਬ ਭਾਈ ਗੁਰਇਕਬਾਲ ਸਿੰਘ ਜੀ ਦੀ ਪ੍ਰੇਰਨਾ ਨਾਲ ਸਿਫਤਿ ਸਾਲਾਹ ਰਸਾਲੇ ਵਿੱਚ ਲੜੀਵਾਰ ਪ੍ਰਕਰਨਾਂ ਦੀ ਸੇਵਾ ਸਤਿਗੁਰੂ ਜੀ ਤਰਸ ਕਰਕੇ ਲੈ ਰਹੇ ਹਨ। 125 ਅੰਕ ਤੋਂ—''ਸਿੱਖ ਪੰਥ ਦੀਆਂ ਸਤਿਕਾਰਤ ਬੀਬੀਆਂ'' ਪ੍ਰਕਰਨ ਸਤਿਗੁਰੂ ਜੀ ਦੀ ਕ੍ਰਿਪਾ ਨਾਲ ਸ਼ੁਰੂ ਕੀਤਾ ਗਿਆ ਹੈ। ਇਸ ਅੰਕ ਵਿੱਚ ਸਿੱਖ ਪੰਥ ਦੀਆਂ ਸਤਿਕਾਰਤ ਬੀਬੀਆਂ ਵਿੱਚੋਂ ਸਤਾਰ੍ਹਵਾਂ ਭਾਗ- ਧੰਨ ਧੰਨ ਮਾਤਾ ਅਜੀਤ ਕੌਰ ਜੀ ਦੇ ਜੀਵਨ ਦੇ ਕੁਝ ਅੰਸ਼ਾਂ ਦੀ ਵਿਚਾਰ ਸਤਿਗੁਰੂ ਜੀ ਆਪਣੀ ਰਹਿਮਤ ਕਰਕੇ ਆਪ ਹੀ ਸਿਰ 'ਤੇ ਹੱਥ ਰੱਖ ਕੇ ਕਰਵਾਉਣ।**

*—ਸੰਪਾਦਕ*

*ਮ: ੧॥*

*ਭੰਡਿ ਜੰਮੀਐ ਭੰਡਿ ਨਿੰਮੀਐ ਭੰਡਿ ਮੰਗਣੁ ਵੀਆਹੁ ॥*
*ਭੰਡਹੁ ਹੋਵੈ ਦੋਸਤੀ ਭੰਡਹੁ ਚਲੈ ਰਾਹੁ ॥*
*ਭੰਡੁ ਮੁਆ ਭੰਡੁ ਭਾਲੀਐ ਭੰਡਿ ਹੋਵੈ ਬੰਧਾਨੁ ॥*
*ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ ॥*
*ਭੰਡਹੁ ਹੀ ਭੰਡੁ ਊਪਜੈ ਭੰਡੈ ਬਾਝੁ ਨ ਕੋਇ ॥*
*ਨਾਨਕ ਭੰਡੈ ਬਾਹਰਾ ਏਕੋ ਸਚਾ ਸੋਇ ॥*
*ਜਿਤੁ ਮੁਖਿ ਸਦਾ ਸਾਲਾਹੀਐ ਭਾਗਾ ਰਤੀ ਚਾਰਿ ॥*
*ਨਾਨਕ ਤੇ ਮੁਖ ਊਜਲੇ ਤਿਤੁ ਸਚੈ ਦਰਬਾਰਿ ॥੨॥*

*(ਅੰਗ ੪੭੩)*

ਸਾਰੀ ਸੰਗਤ ਧੰਨ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਿਆਰ ਸਤਿਕਾਰ ਵਿੱਚ ਆਖੋ ਸਤਿਨਾਮ ਸ੍ਰੀ ਵਾਹਿਗੁਰੂ। ਇਸ ਧਰਤੀ ਤੇ ਸਭ ਤੋਂ ਵੱਡਾ ਕਾਰਜ ਹੈ, ਸਤਿਸੰਗਤ ਕਰਨੀ।

ਇਹ ਸੱਚ ਹੈ ਕਿ ਇਸ ਕਲਯੁੱਗ ਵਿੱਚ ਸਭ ਤੋਂ ਵੱਡਾ ਕਾਰਜ ਹੈ, ਸਤਿਸੰਗ ਕਰਨਾ। ਗੁਰੂ ਸਾਹਿਬ ਦੀ ਕਿਰਪਾ ਨਾਲ ਸਾਡਾ ਤੁਹਾਡਾ ਨੇਮ ਦੋ-ਚਾਰ ਘੰਟੇ ਦਾ ਹੋਵੇਗਾ, ਕੋਈ ਪੰਜ-ਛੇ ਘੰਟੇ ਦੇ ਨੇਮ ਵਾਲਾ ਵੀ ਹੋਵੇਗਾ। ਕੁਝ ਭੈਣਾਂ ਦਾ ਤੇ ਤਕਰੀਬਨ ਰੋਜ਼ ਚੁਪਹਿਰੇ ਦਾ ਨੇਮ ਹੈ, ਛੇ ਘੰਟੇ ਗੁਰੂ ਸਾਹਿਬ ਨੂੰ ਦੇਣੇ। ਅਸੀਂ, ਤੁਸੀਂ ਹਾਂ ਦੋ, ਚਾਰ ਜਾਂ ਛੇ ਘੰਟੇ ਦੇਣ ਵਾਲੇ ਤੇ ਬਾਬਾ ਨੰਦ ਸਿੰਘ ਜੀ ਵਰਗੇ ਮਹਾਂਪੁਰਸ਼ ਜਿਨ੍ਹਾਂ ਦਾ ਇੱਕ ਸਵਾਸ ਵੀ ਸਿਮਰਨ ਤੋਂ ਖਾਲੀ ਨਹੀਂ। ਇਹ ਉਨ੍ਹਾਂ ਦੇ ਬਚਨ ਹਨ, ਕਹਿੰਦੇ ਸੀ, ਸਭ ਕੁਝ ਘਰ ਵਿੱਚ ਹੈ, ਸਭ ਕੁਝ ਸਾਡੇ ਅੰਦਰ ਹੀ ਹੈ ਪਰ ਸਤਿਸੰਗ ਫਿਰ ਵੀ ਜ਼ਰੂਰੀ ਹੈ। ਇਹ ਸੰਗਤ ਇੰਨੀ ਮਹਾਨ ਹੈ, ਇਸ ਸੰਗਤ ਵਿੱਚ ਬਤੀਤ ਹੋਈਆਂ

ਘੜੀਆਂ ਦਰਗਾਹ ਵਿੱਚ ਵੀ ਸਾਥ ਦੇਣਗੀਆਂ। ਭਗਤ ਕਬੀਰ ਜੀ ਕਹਿੰਦੇ ਹਨ:

***ਧਰਮ ਰਾਇ ਜਬ ਲੇਖਾ ਮਾਗੈ***
***ਕਿਆ ਮੁਖੁ ਲੈ ਕੈ ਜਾਹਿਗਾ ॥***

ਪਰ ਫਿਰ ਕਹਿੰਦੇ ਹਨ, ਇੱਕ ਰਾਹ ਹੈ।

***ਕਹਤੁ ਕਬੀਰੁ ਸੁਨਹੁ ਰੇ ਸੰਤਹੁ***
***ਸਾਧਸੰਗਤਿ ਤਰਿ ਜਾਂਹਿਗਾ ॥੩॥੧॥***

*(ਅੰਗ ੧੧੦੬)*

ਹੁਣ ਵੇਖੋ! ਪੁੱਤਰਾਂ ਦੇ ਦਾਨੀ, ਬ੍ਰਹਮ ਗਿਆਨੀ ਬਾਬਾ ਬੁੱਢਾ ਸਾਹਿਬ ਜੀ, ਉਨ੍ਹਾਂ ਕਿੰਨੀ ਵੱਡੀ ਗੱਲ ਕਹੀ ਹੈ। ਬਾਬਾ ਬੁੱਢਾ ਸਾਹਿਬ ਜੀ ਕਹਿੰਦੇ ਹਨ, ਬਾਹਰ ਕੋਈ ਗਲਤੀ ਕਰੇ, ਸੰਗਤ ਵਿੱਚ ਆ ਕੇ ਬਖਸ਼ਿਆ ਜਾ ਸਕਦਾ ਹੈ, ਗੁਰੂ ਕੋਲੋਂ ਪਰ ਸੰਗਤ ਵਿੱਚ ਆ ਕੇ ਕਿਤੇ ਨਿਗ੍ਹਾ ਗਲਤ ਰੱਖ ਲਵੇ, ਗਲਤੀ ਕਰੇ, ਅਗਾਂਹ ਰਾਹ ਹੀ ਕੋਈ ਨਹੀਂ ਬਖਸ਼ਣ ਵਾਲਾ। ਇੰਨੀ ਮਹਾਨਤਾ ਦਿੰਦੇ ਸਨ, ਬਾਬਾ ਜੀ ਸੰਗਤ ਨੂੰ। ਇਹ ਉਨ੍ਹਾਂ ਦੇ ਸ਼ੁਕਰਾਨੇ ਹਨ ਹੋ ਸਕਦਾ ਹੈ ਕਿ ਆਂਢ-ਗੁਆਂਢ ਮਿਹਣਾ ਵੀ ਮਾਰ ਦੇਵੇ ਜਾਂ ਘਰ ਵਿੱਚੋਂ ਕੋਈ ਮਿਹਣਾ ਮਾਰ ਦੇਵੇ ਕਿ ਸੰਗਤ ਕਰਨ ਦੀ ਕੀ ਲੋੜ ਹੈ? ਪਰ ਵਾਹਿਗੁਰੂ ਤੇਰਾ ਸ਼ੁਕਰ ਹੈ। ਇਹ ਬਾਬਾ ਬੁੱਢਾ ਸਾਹਿਬ ਜੀ ਤੇ ਹੋਰ ਬ੍ਰਹਮ ਗਿਆਨੀ ਮਹਾਂਪੁਰਸ਼ਾਂ ਦਾ, ਗੁਰਬਾਣੀ ਦੀਆਂ ਨਜ਼ਰਾਂ ਵਿੱਚ ਸਭ ਤੋਂ ਉੱਤਮ ਵਪਾਰ, ਸਭ ਤੋਂ ਉੱਤਮ ਕਾਰਜ ਹੈ ਕਿ ਸਤਿਸੰਗਤ ਰੂਪੀ ਕਾਰਜ ਕਰਨਾ। ਇੱਕ ਪ੍ਰਕਰਨ ਦੀ ਮਹਾਰਾਜ ਜੀ ਸੇਵਾ ਲੈ ਰਹੇ ਹਨ। ਸਿੱਖ ਪੰਥ ਦੀਆਂ ਸਤਿਕਾਰਤ ਬੀਬੀਆਂ। ਇਸ ਵਾਰ ਸਤਾਰ੍ਹਵੇਂ ਭਾਗ ਦੀ ਵਾਰੀ ਹੈ।

**ਸਿੱਖ ਪੰਥ ਦੀਆਂ ਸਤਿਕਾਰਤ ਬੀਬੀਆਂ :**

ਪਹਿਲੇ ਭਾਗ ਵਿੱਚ ਆਪ ਜੀ ਨੇ ਬੀਬੀ ਵੀਰੋ ਜੀ ਦੇ ਜੀਵਨ ਦੇ ਦਰਸ਼ਨ ਕੀਤੇ ਸਨ। ਦੂਸਰੇ ਭਾਗ ਵਿੱਚ ਆਪ ਜੀ ਨੇ ਮਾਤਾ ਭਿਰਾਈ ਜੀ ਦੇ ਜੀਵਨ ਦੇ ਦਰਸ਼ਨ ਕੀਤੇ। ਤੀਸਰੇ ਭਾਗ ਵਿੱਚ ਮਾਤਾ ਖੀਵੀ ਜੀ, ਚੌਥੇ ਭਾਗ ਵਿੱਚ ਬੀਬੀ ਭਾਨੀ ਜੀ, ਪੰਜਵੇਂ ਭਾਗ ਵਿੱਚ ਬੇਬੇ ਨਾਨਕੀ ਜੀ, ਛੇਵੇਂ ਭਾਗ ਵਿੱਚ ਮਾਤਾ ਗੰਗਾ ਜੀ, ਸੱਤਵੇਂ ਭਾਗ ਵਿੱਚ ਮਾਤਾ ਸੁਲੱਖਣੀ ਜੀ, ਅੱਠਵੇਂ ਭਾਗ ਵਿੱਚ ਬੀਬੀ ਰਾਮੋ ਜੀ, ਨੌਵੇਂ ਭਾਗ ਵਿੱਚ ਬੀਬੀ ਕੌਲਾਂ ਜੀ, ਦਸਵੇਂ ਭਾਗ ਵਿੱਚ ਬੀਬੀ ਦੇਸਾਂ ਜੀ, ਗਿਆਰ੍ਹਵੇਂ ਭਾਗ ਵਿੱਚ ਧੰਨ ਧੰਨ ਮਾਤਾ ਗੁਜਰ ਕੌਰ ਜੀ, ਬਾਰ੍ਹਵੇਂ ਤੇ ਤੇਰ੍ਹਵੇਂ ਭਾਗ ਵਿੱਚ ਧੰਨ ਧੰਨ ਮਾਤਾ ਸਾਹਿਬ ਕੌਰ ਜੀ, ਚੌਦਵੇਂ ਭਾਗ ਵਿੱਚ ਧੰਨ ਧੰਨ ਮਾਤਾ ਭਾਗ ਕੌਰ ਜੀ (ਮਾਈ ਭਾਗੋ ਜੀ), ਪੰਦਰ੍ਹਵੇਂ ਭਾਗ ਵਿੱਚ ਰਾਣੀ ਮੈਣੀ ਜੀ, ਸੋਲ੍ਹਵੇਂ ਭਾਗ ਵਿੱਚ ਧੰਨ ਧੰਨ ਮਾਤਾ ਮਨਸਾ ਦੇਈ ਜੀ ਦੇ ਜੀਵਨ ਦੇ ਦਰਸ਼ਨ ਕੀਤੇ ਹਨ। ਹੁਣ ਇਸ ਅੰਕ ਵਿੱਚ ਸਤਾਰ੍ਹਵੇਂ ਭਾਗ ਦੀ ਵਾਰੀ ਹੈ। ਅੱਜ ਅਸੀਂ ਧੰਨ ਧੰਨ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੇ ਮਹਿਲ ਧੰਨ ਧੰਨ ਮਾਤਾ ਜੀਤੋ ਜੀ ਜੀਵਨ ਦੇ ਦਰਸ਼ਨ ਕਰਨੇ ਹਨ, ਜਿਨ੍ਹਾਂ ਦਾ ਨਾਂ ਇਹ ਵੀ ਆਇਆ ਹੈ:

***ਧੰਨ ਧੰਨ ਮਾਤਾ ਅਜੀਤ ਕੌਰ ਜੀ***

ਇੱਕ ਵਾਰ ਪੰਕਤੀਆਂ ਪੜ੍ਹੋ ਤੇ ਫਿਰ ਮਾਤਾ ਜੀਤੋ ਜੀ ਦੇ ਜੀਵਨ ਤੇ ਗੁਰੂ ਸਾਹਿਬ ਸੇਵਾ ਲੈਣ:

***ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ ॥***

*(ਅੰਗ ੪੭੩)*

ਧੰਨ ਧੰਨ ਮਾਤਾ ਜੀਤੋ ਜੀ, ਸੱਤ-ਅੱਠ ਰਾਈਟਰਾਂ ਨੇ ਲਿਖਿਆ ਹੈ ਕਿ ਅੰਮ੍ਰਿਤ ਛਕਣ ਤੋਂ ਬਾਅਦ ਇਨ੍ਹਾਂ ਦਾ ਨਾਂ ਮਾਤਾ ਅਜੀਤ ਕੌਰ ਜੀ ਰੱਖਿਆ ਗਿਆ। ਮਾਤਾ ਜੀ ਦਾ ਆਗਮਨ ਲਾਹੌਰ ਸ਼ਹਿਰ ਸੰਗਲ ਵਾਲੀ ਗਲੀ ਵਿਖੇ ਹੋਇਆ ਹੈ, ਪਿਤਾ ਜੀ ਦਾ ਨਾਂ, ਹਰਜਸ ਰਾਏ ਖੱਤਰੀ। ਭਾਈ ਵੀਰ ਸਿੰਘ ਜੀ ਨੇ ਮਾਤਾ ਜੀ ਦਾ ਨਾਂ ਮਾਤਾ

ਸਭਰਾਈ ਜੀ ਵੀ ਲਿਖਿਆ ਹੈ। ਮਾਤਾ ਅਜੀਤ ਕੌਰ ਜੀ ਨੂੰ ਪਿਆਰ ਨਾਲ ਸੰਗਤਾਂ ਮਾਤਾ ਜੀਤੋ ਜੀ ਕਹਿ ਕੇ ਬੁਲਾਉਂਦੀਆਂ ਸਨ, ਇਨ੍ਹਾਂ ਦੀ ਬਹੁਤ ਵੱਡੀ ਵਡਿਆਈ, ਮਾਤਾ ਜੀਤੋ ਜੀ ਨੂੰ ਪਹਿਲੀ ਖਾਲਸਾ ਔਰਤ ਹੋਣ ਦਾ ਮਾਣ ਪ੍ਰਾਪਤ ਹੋਇਆ ਹੈ। ਇਹ ਪਹਿਲੀ ਔਰਤ ਹਨ, ਅੰਮ੍ਰਿਤ ਦਾ ਬਾਟਾ ਜਦੋਂ ਤਿਆਰ ਹੋਇਆ ਹੈ, ਬੀਬੀਆਂ ਵਿੱਚੋਂ ਇਹ ਪਹਿਲੇ ਸਤਿਕਾਰਯੋਗ ਬੀਬੀ ਜੀ ਹਨ ਜਿਨ੍ਹਾਂ ਨੂੰ ਅੰਮ੍ਰਿਤ ਦੀ ਦਾਤ ਮਿਲੀ ਤੇ ਪਹਿਲੀ ਖਾਲਸਾ ਔਰਤ ਹੋਣ ਦਾ ਮਾਣ ਪ੍ਰਾਪਤ ਹੋਇਆ ਹੈ।

ਕਈ ਰਾਈਟਰਾਂ ਨੇ ਲਿਖਿਆ ਹੈ ਜਿਹੜੇ ਅੰਮ੍ਰਿਤ ਦੇ ਬਾਟੇ ਵਿੱਚ ਪਤਾਸੇ ਪਾਏ ਸੀ, ਉਹ ਵੀ ਮਾਤਾ ਜੀਤੋ ਜੀ ਨੇ ਪਾਏ ਸੀ। ਅੱਜ ਜਿਹੜੇ ਮਾਤਾ ਜੀ ਦੇ ਜੀਵਨ ਤੇ ਗੁਰੂ ਸਾਹਿਬ ਵਿਚਾਰਾਂ ਸਾਂਝੀਆਂ ਕਰਵਾਉਣ, ਸਾਡੇ ਪਿਤਾ ਜੀ ਦੇ ਮਹਿਲ, ਉਹ ਕਿੰਨੀ ਵੱਡੀ ਸ਼ਖਸੀਅਤ ਹੋਣਗੇ, ਉਹ ਕਿਉਂ? ਮਾਤਾ ਅਜੀਤ ਕੌਰ ਜੀ, ਕਲਗੀਧਰ ਪਿਤਾ ਜੀ ਦੇ ਮਹਿਲ, ਉਹ ਕਿੰਨੀ ਵੱਡੀ ਸ਼ਖਸੀਅਤ ਹੋਣਗੇ, ਜਿਨ੍ਹਾਂ ਦੀ ਕੁੱਖ ਵਿੱਚੋਂ ਸਾਹਿਬਜ਼ਾਦਾ ਬਾਬਾ ਜੁਝਾਰ ਸਿੰਘ ਜੀ, ਸਾਹਿਬਜ਼ਾਦਾ ਬਾਬਾ ਜ਼ੋਰਾਵਰ ਸਿੰਘ ਜੀ, ਸਾਹਿਬਜ਼ਾਦਾ ਬਾਬਾ ਫਤਹਿ ਸਿੰਘ ਜੀ ਦਾ ਆਗਮਨ ਹੋਇਆ ਹੈ।

ਬਾਬਾ ਨੰਦ ਸਿੰਘ ਜੀ ਦਾ ਬਚਨ ਹੈ, ਬਾਬਾ ਜੀ ਕਹਿੰਦੇ ਹਨ, ਪੰਜ ਪਿਆਰੇ ਕਲਗੀਧਰ ਪਿਤਾ ਜੀ ਨੇ ਇੱਥੇ ਸਾਜੇ ਹਨ, ਪਰ ਚਾਰ ਸਾਹਿਬਜ਼ਾਦੇ ਇਹ ਦਰਗਾਹੀ ਰੂਹਾਂ ਆਈਆਂ ਸਨ। ਇਹ ਦਰਗਾਹ ਵਿੱਚੋਂ ਬਖਸ਼ੀਆਂ ਰੂਹਾਂ ਆਈਆਂ ਸਨ। ਉਨ੍ਹਾਂ ਗੁਰੂ ਕੇ ਮਹਿਲ ਨੂੰ ਅਸੀਂ ਕਿੰਨੇ ਭਾਗਾਂ ਵਾਲੀ ਸਮਝਾਂਗੇ ਕਿ ਚਾਰ ਸਾਹਿਬਜ਼ਾਦਿਆਂ ਵਿੱਚੋਂ ਤਿੰਨ ਸਾਹਿਬਜ਼ਾਦਿਆਂ ਦਾ ਜਨਮ ਮਾਤਾ ਅਜੀਤ ਕੌਰ ਜੀ ਦੀ ਕੁੱਖ ਤੋਂ ਹੋਇਆ ਹੈ। ਸਾਹਿਬਜ਼ਾਦਾ ਬਾਬਾ ਅਜੀਤ ਸਿੰਘ ਜੀ, ਉਹ ਮਾਤਾ ਸੁੰਦਰੀ ਜੀ ਦੀ ਕੁੱਖ ਵਿੱਚੋਂ ਹੋਏ। ਸਾਹਿਬਜ਼ਾਦਾ ਬਾਬਾ ਜੁਝਾਰ ਸਿੰਘ ਜੀ, ਸਾਹਿਬਜ਼ਾਦਾ ਬਾਬਾ ਜ਼ੋਰਾਵਰ ਸਿੰਘ ਜੀ, ਸਾਹਿਬਜ਼ਾਦਾ ਬਾਬਾ ਫਤਹਿ ਸਿੰਘ ਜੀ ਮਾਤਾ ਜੀਤੋ ਜੀ ਦੀ ਕੁੱਖ ਤੋਂ ਹੋਏ, ਜਿਨ੍ਹਾਂ ਦੇ ਜ਼ਿਕਰ ਦੀ ਸਤਿਗੁਰੂ ਜੀ ਇਸ ਵਾਰ ਸੇਵਾ ਲੈਣ। ਇਹ ਤਿੰਨੇ ਸਾਹਿਬਜ਼ਾਦੇ, ਇਨ੍ਹਾਂ ਦਾ ਆਗਮਨ ਇੱਕ ਨਾਮ ਜਪਣ ਵਾਲੀ ਮਾਤਾ ਜੀ ਦੀ ਕੁੱਖ ਵਿੱਚੋਂ ਹੋਇਆ। ਪੜ੍ਹੋ ਜੀ ਇੱਕ ਵਾਰੀ ਪਿਆਰ ਨਾਲ:

*ਧੰਨੁ ਸੁ ਵੰਸੁ ਧੰਨੁ ਸੁ ਪਿਤਾ ਧੰਨੁ ਸੁ ਮਾਤਾ ਜਿਨਿ ਜਨ ਜਣੇ ॥*
*ਜਿਨ ਸਾਸਿ ਗਿਰਾਸਿ ਧਿਆਇਆ ਮੇਰਾ ਹਰਿ ਹਰਿ ਸੇ ਸਾਚੀ ਦਰਗਹ ਹਰਿ ਜਨ ਬਣੇ ॥੩॥*

*(ਅੰਗ ੧੧੩੫)*

*ਸੇ ਧਨਵੰਤ ਦਿਸਹਿ ਘਰਿ ਜਾਇ ॥*
*ਨਾਨਕ ਜਨਨੀ ਧੰਨੀ ਮਾਇ ॥੪॥੩॥੮॥*

*(ਅੰਗ ੧੨੫੭)*

ਭਾਈ ਵੀਰ ਸਿੰਘ ਜੀ ਨੇ, ਉਨ੍ਹਾਂ ਦੀ ਕਿਤਾਬ ਹੈ ਬਾਬਾ ਨੌਧ ਸਿੰਘ ਜੀ, ਉਸ ਵਿੱਚ ਇਨ੍ਹਾਂ ਦਾ ਵੀ ਜ਼ਿਕਰ ਹੈ, ਸੋਹਿਨਾ ਮੋਹਿਨਾ ਦੀ ਸਾਖੀ ਵਿੱਚ ਵੀ ਇਨ੍ਹਾਂ ਦਾ ਜ਼ਿਕਰ ਹੈ, ਧੰਨ ਮਾਤਾ ਜੀਤੋ ਜੀ ਦਾ। ਹੋਰ ਵੀ ਬਹੁਤ ਸਾਰੇ ਰਾਈਟਰਾਂ ਨੇ ਮਾਤਾ ਅਜੀਤ ਕੌਰ ਜੀ ਦੇ ਬਾਰੇ ਲਿਖਿਆ ਹੈ ਉਨ੍ਹਾਂ ਵਿੱਚੋਂ ਪੰਜ ਵਿਸ਼ੇਸ਼ ਗੁਣ ਹਨ, ਦਾਸ ਨੂੰ ਬੜੇ ਅਪੀਲ ਕੀਤੇ। ਦਾਸ ਦੀ ਹੱਥ ਜੋੜ ਕੇ ਬੇਨਤੀ ਹੈ ਕਿ ਇੱਕ ਕੰਨ ਤੋਂ ਸੁਣ ਕੇ ਦੂਜੇ ਕੰਨ ਵਿੱਚੋਂ ਕਿਤੇ ਕੱਢ ਨਾ ਦੇਣਾ, ਦੋਹਾਂ ਕੰਨਾਂ ਵਿੱਚੋਂ ਸੁਣ ਕੇ ਅੰਦਰ ਵਸਾ ਲੈਣਾ, ਹਿਰਦੇ ਦੀ ਡਾਇਰੀ ਤੇ ਲਿਖ ਲੈਣਾ। ਸੰਗਤ ਜੀ, ਮਾਤਾ ਅਜੀਤ ਕੌਰ ਜੀ ਦਾ ਪਹਿਲਾ ਵਿਸ਼ੇਸ਼ ਗੁਣ, ਭਾਈ ਵੀਰ ਸਿੰਘ ਜੀ ਨੇ ਵੀ ਲਿਖਿਆ ਹੈ, ਹੋਰ ਰਾਈਟਰਾਂ ਨੇ ਵੀ ਲਿਖਿਆ ਹੈ ਕਿ ਮਾਤਾ ਅਜੀਤ

ਕੌਰ ਜੀ, ਸਿਮਰਨ ਦੇ ਤਕੜੇ ਪ੍ਰੇਮੀ ਹੋਏ ਹਨ, ਸਿਮਰਨ ਨਾਲ ਤਕੜਾ ਪ੍ਰੇਮ ਕਰਨ ਵਾਲੇ ਹੋਏ ਹਨ। ਐਸੇ ਲਿਵਲੀਨ ਰਹਿੰਦੇ ਸੀ, ਸਿਮਰਨ ਵਿੱਚ ਕਿ ਬਹੁਤ ਸਾਰੀ ਸੰਗਤ ਇਨ੍ਹਾਂ ਨੂੰ ਜੋਗੀ ਕਹਿੰਦੀ ਸੀ ਕਿ ਇਹ 'ਜੋਗੀ ਮਾਤਾ ਜੀ' ਹਨ। ਪੰਜ ਵਿਸ਼ੇਸ਼ ਗੱਲਾਂ ਲਿਖੀਆਂ ਹਨ ਰਾਈਟਰਾਂ ਨੇ। ਅੱਜ ਅਰਦਾਸ ਕਰਨਾ, ਮਾਤਾ ਅਜੀਤ ਕੌਰ ਜੀ, ਕਿਤੇ ਇਹੋ ਜਿਹਾ ਸਿਮਰਨ ਦਾ ਪ੍ਰੇਮੀ ਸਾਨੂੰ ਵੀ ਬਣਾ ਦਿਓ।

***ਪ੍ਰਭ ਕੀ ਉਸਤਤਿ ਕਰਹੁ ਸੰਤ ਮੀਤ ॥***
***ਸਾਵਧਾਨ ਏਕਾਗਰ ਚੀਤ ॥***

***(ਅੰਗ ੨੯੫)***

ਉਹ ਕਿਰਪਾ ਸਾਡੇ ਤੇ ਵੀ ਕਰਨਾ। ਨਿੱਕੀਆਂ-ਨਿੱਕੀਆਂ ਗੱਲਾਂ ਵਿੱਚ ਹੀ ਜੀਵਨ ਕਿਤੇ ਨਾ ਬਤੀਤ ਹੋ ਜਾਵੇ। ਭਗਤੀ ਮਾਰਗ ਅਪਨਾਈਏ। ਸਿਮਰਨ ਮਾਰਗ ਅਪਨਾਈਏ। ਸੱਚੇ ਵਪਾਰ ਦਾ ਗਿਆਨ ਹੋ ਜਾਵੇ। ਕਿਹੜਾ ਘਰ ਹੈ ਜਿਹੜਾ ਪੂਰਨ ਤੌਰ ਤੇ ਕਲੇਸ਼ ਤੋਂ ਬਚਿਆ ਹੋਇਆ ਹੈ। ਕਰਮਾਂ ਕਰਕੇ ਇਹ ਚੀਜ਼ਾਂ ਆਪਣੀ ਜਗ੍ਹਾ ਤੇ ਤੁਰੀਆਂ ਰਹਿਣੀਆਂ ਹਨ ਪਰ ਗੁਰੂ ਸਾਹਿਬ ਅੱਗੇ ਅਰਦਾਸ ਕਰੀਏ ਕਿ ਤੇਰੇ ਦਿਮਾਗ ਵਿੱਚ ਅਸਲੀ ਵਪਾਰ ਕਰਨ ਦੀ ਤਕੜੇ ਹੋ ਕੇ ਲਿਵ ਲੱਗੀ ਰਵ੍ਹੇ ਕਿ ਮੈਂ ਜਿਹੜਾ ਮੇਨ ਮਾਰਗ ਹੈ, ਭਗਤੀ ਮਾਰਗ, ਨਾਮ ਮਾਰਗ ਪਕੜਨਾ ਹੈ। ਪਹਿਲਾ ਗੁਣ ਇਹ ਲਿਖਿਆ ਹੈ ਕਿ ਸਿਮਰਨ ਦੇ ਤਕੜੇ ਪ੍ਰੇਮੀ ਹੋਏ ਹਨ। ਐਸੇ ਲਿਵਲੀਨ ਰਹਿੰਦੇ ਸੀ ਕਿ ਲੋਕੀਂ ਇਨ੍ਹਾਂ ਨੂੰ ਜੋਗੀ ਕਹਿੰਦੇ ਸੀ, ਇਹ ਜੋਗੀ ਮਾਤਾ ਜੀ ਹਨ। ਦੂਜਾ ਗੁਣ ਰਾਈਟਰਾਂ ਨੇ ਲਿਖਿਆ ਹੈ ਕਿ ਮਾਤਾ ਅਜੀਤ ਕੌਰ ਜੀ ਕੀਰਤਨ ਦੇ ਪ੍ਰੇਮੀ ਸਨ। ਜਿਹੜਾ ਇਤਿਹਾਸ ਵਿੱਚ ਸੋਹਿਨਾ ਮੋਹਿਨਾ ਦਾ ਜ਼ਿਕਰ ਹੈ, ਉਹ ਵੀ ਇਨ੍ਹਾਂ ਨਾਲ ਸੰਬੰਧਿਤ ਹੈ। ਕਈ ਵਾਰ ਮਾਤਾ ਅਜੀਤ ਕੌਰ ਜੀ ਕਹਿੰਦੇ ਸਨ, ਸੋਹਿਨਾ ਮੋਹਿਨਾ ਨੂੰ ਕਿ ਭੁੱਖ ਲੱਗੀ ਹੈ। ਉਨ੍ਹਾਂ ਨੇ ਕਹਿਣਾ, ਮਾਤਾ ਜੀ, ਕੀ ਲਿਆਈਏ? ਕਹਿਣ ਲੱਗੇ, ਪੇਟ ਦੀ ਭੁੱਖ ਨਹੀਂ ਲੱਗੀ। ਕੀਰਤਨ ਸੁਣਨ ਦੀ ਭੁੱਖ ਲੱਗੀ ਹੈ। ਕੀਰਤਨ ਸੁਣਾ ਦਿਓ। ਆਹ ਭੁੱਖ ਲੱਗੀ ਹੈ। ਸੰਗਤ ਜੀ ਆਪਣੇ ਅੰਦਰ ਮਾਰੋ ਝਾਤੀ ਤੁਸੀਂ ਸਾਰੇ ਕੀਰਤਨ ਦੇ ਸਤਿਸੰਗ ਵਿੱਚ ਬੈਠੇ ਹੋ ਹੁਣੇ ਅਨੰਦੁ ਸਾਹਿਬ ਲੱਗ ਜਾਵੇ ਪਰ ਸਾਡਾ ਸਤਿਸੰਗ ਵਿੱਚੋਂ ਉਠਣ ਦਾ ਦਿਲ ਨਾ ਕਰੇ ਤੇ ਸਮਝ ਲੈਣਾ, ਦਸ ਪੈਸੇ ਭੁੱਖ ਸਾਨੂੰ ਵੀ ਲੱਗਣੀ ਸ਼ੁਰੂ ਹੋ ਗਈ ਹੈ। ਦਾਸ ਕਈ ਵਾਰ ਗੁ: ਛੋਟੀ ਸ਼ਹੀਦਾਂ ਸਾਹਿਬ, ਅੰਮ੍ਰਿਤਸਰ ਜਾਂਦਾ ਹੈ, ਦੋ ਦਿਨ ਅੰਮ੍ਰਿਤ ਵੇਲੇ ਹਾਜ਼ਰੀ ਹੁੰਦੀ ਹੈ, ਬੁੱਧਵਾਰ ਤੇ ਵੀਰਵਾਰ। ਦਾਸ ਤੋਂ ਪਹਿਲਾਂ ਜੱਥਾ ਬੈਠਿਆ ਹੁੰਦਾ ਹੈ। ਕਈ ਵਾਰ ਆਪ ਵਾਜੇ ਤੇ ਬੈਠਣ ਤੇ ਦਿਲ ਨਹੀਂ ਕਰਦਾ ਕਿ ਜਿਹੜਾ ਵਾਜੇ ਤੇ ਕੀਰਤਨ ਕਰ ਰਿਹਾ ਹੈ, ਇਹੀ ਕੀਰਤਨ ਕਰੀ ਜਾਵੇ। ਇਤਨਾ ਅੰਮ੍ਰਿਤ ਵੇਲੇ ਦਾ ਰਸ ਆ ਰਿਹਾ ਹੈ। ਸੱਚੇ ਪਾਤਸ਼ਾਹ ਜੀ! ਇਹ ਘੜੀਆਂ ਬੀਤਣ ਹੀ ਨਾ। ਅਰਦਾਸ ਕਰੋ, ਸੱਚੇ ਪਾਤਸ਼ਾਹ ਜੀ, ਸਾਰੀ ਸੰਗਤ ਤੇ ਕਿਰਪਾ ਕਰੋ, ਬਖਸ਼ਿਸ਼ ਕਰੋ। ਇਹ ਕੀਰਤਨ ਦੀ ਭੁੱਖ ਲੱਗੀ ਰਹੇ ਜਿਹੜੀ ਭੁੱਖ ਬਾਬਾ ਬੁੱਢਾ ਸਾਹਿਬ ਜੀ ਨੂੰ ਵੀ ਲੱਗਦੀ ਸੀ। ਇਹ ਦਾਸ, ਗੁਰੂ ਸਾਹਿਬ ਦੀ ਕਿਰਪਾ ਨਾਲ ਕਹਿ ਰਿਹਾ ਹੈ, ਤੁਹਾਡੇ ਵਿੱਚੋਂ ਹੀ ਕੁਝ ਬੀਬੀਆਂ ਹਨ ਜਿਨ੍ਹਾਂ ਨੂੰ ਇੰਨੀ ਭੁੱਖ ਲੱਗਦੀ ਹੈ, ਦਾਸ ਗੁਰੂ ਸਾਹਿਬ ਦੀ ਹਜ਼ੂਰੀ ਵਿੱਚ ਬੇਨਤੀ ਕਰ ਰਿਹਾ ਹੈ, ਸ੍ਰੀ ਦਰਬਾਰ ਸਾਹਿਬ ਉਨ੍ਹਾਂ ਦਾ ਚੌਂਕੜਾ ਵਜਿਆ ਹੁੰਦਾ ਹੈ, ਤਿੰਨ-ਤਿੰਨ, ਚਾਰ-ਚਾਰ ਰਾਗੀ ਸਿੰਘ ਬਦਲ ਜਾਂਦੇ ਹਨ ਪਰ ਉਨ੍ਹਾਂ ਦਾ ਚੌਂਕੜਾ ਨਹੀਂ ਖੁੱਲ੍ਹਦਾ। ਕੀਰਤਨ ਸੁਣਨ ਦੀ ਭੁੱਖ ਲੱਗਦੀ ਹੈ।

***ਸਾਚੇ ਨਾਮ ਕੀ ਲਾਗੈ ਭੂਖ ॥***

***(ਅੰਗ ੩੪੯)***

ਇਹ ਦੂਜਾ ਗੁਣ ਲਿਖਿਆ ਹੈ, ਮਾਤਾ ਅਜੀਤ ਕੌਰ ਜੀ ਕੀਰਤਨ ਦੇ ਪ੍ਰੇਮੀ ਸਨ। ਕੀਰਤਨ ਦੀ ਭੁੱਖ ਲੱਗਦੀ ਸੀ। ਦਾਸ ਗੁਰੂ ਸਾਹਿਬ ਦੀ ਹਜ਼ੂਰੀ ਵਿੱਚ ਉਨ੍ਹਾਂ ਦੀ ਕਿਰਪਾ ਨਾਲ ਕਹਿ ਰਿਹਾ ਹੈ, ਜਿਨ੍ਹਾਂ ਨੂੰ ਭੁੱਖ ਲੱਗਣੀ ਨਹੀਂ ਸ਼ੁਰੂ ਹੋਈ, ਉਹ ਕਿਸੇ ਵੇਲੇ ਵੀ ਟੁੱਟ ਸਕਦਾ ਹੈ। ਜੇ ਗੁਰੂ ਸਾਹਿਬ ਤਰਸ ਕਰਕੇ ਇਹ ਦਾਤ ਦੇ ਦੇਣ, ਭੁੱਖ ਲੱਗਣੀ ਸ਼ੁਰੂ ਹੋ ਜਾਵੇ ਤੇ ਕੀਰਤਨ ਦੀ ਭੁੱਖ ਲੱਗਣ ਦਾ ਕਦੀ ਹੰਕਾਰ ਨਾ ਆਵੇ, ਉਹ ਬੰਦਾ ਕਦੀ ਟੁੱਟ ਹੀ ਨਹੀਂ ਸਕਦਾ।

ਮਾਤਾ ਜੀ ਦੇ ਜੀਵਨ ਦਾ ਤੀਜਾ ਗੁਣ, ਉਸ ਵਿੱਚੋਂ ਬੜਾ ਕੁਝ ਮਿਲਦਾ ਹੈ, ਉਹ ਆਪਣੇ ਲਈ ਜ਼ਿਆਦਾ ਜ਼ਰੂਰੀ ਹੈ। ਇਹ ਰਾਈਟਰਾਂ ਨੇ ਲਿਖਿਆ ਹੈ ਕਿ ਮਾਤਾ ਅਜੀਤ ਕੌਰ ਜੀ ਦਾ ਤੀਜਾ ਗੁਣ, ਇਹ ਬੜੇ ਧਿਆਨ ਦੇਣ ਵਾਲਾ ਹੈ। ਤੀਜਾ ਗੁਣ ਸੀ, ਇਹ ਕਦੀ ਮਾਣ ਨਹੀਂ ਸੀ ਕਰਦੇ ਕਿ ਮੈਂ ਸ਼ਹਿਨਸ਼ਾਹ ਦੀ ਮਹਿਲ ਹਾਂ। ਕਦੀ ਮਾਣ ਨਹੀਂ ਸੀ ਕਰਦੇ ਕਿ ਮੈਂ ਇੰਨੇ ਵੱਡੇ ਸ਼ਹਿਨਸ਼ਾਹ ਦੀ ਮਹਿਲ ਹਾਂ। ਬੜੀ ਵੱਡੀ ਗੱਲ ਹੈ। ਨਹੀਂ ਤਾਂ ਪੈਰ ਨਹੀਂ ਲੱਗਦੇ। ਘਰ ਵਾਲਾ ਡੀ.ਸੀ. ਬਣ ਜਾਵੇ, ਘਰ ਵਾਲਾ ਅਫਸਰ ਬਣ ਜਾਵੇ, ਘਰ ਵਾਲਾ ਮੰਤਰੀ ਬਣ ਜਾਵੇ, ਘਰ ਵਾਲਾ ਕਿਸੇ ਸਿਮਰਨ ਅਭਿਆਸ ਵਿੱਚ ਅੱਗੇ ਹੋ ਜਾਵੇ, ਘਰ ਵਾਲੇ ਦੇ ਮੁੱਖ 'ਚੋਂ ਨਿਕਲਿਆ ਬਚਨ ਸਤ ਹੋਣਾ ਸ਼ੁਰੂ ਹੋ ਜਾਵੇ, ਕਈ ਵਾਰੀ ਉਨ੍ਹਾਂ ਦੀਆਂ ਪਤਨੀਆਂ ਬਿਨਾਂ ਗੁਣਾਂ ਤੋਂ ਹੀ ਹੰਕਾਰ ਵਾਲਾ ਔਗੁਣ ਲੈ ਆਉਂਦੀਆਂ ਹਨ। ਬੜੀ ਵੱਡੀ ਗੱਲ ਹੈ। ਪਤੀ ਹੋਣ, ਸ਼ਹਿਨਸ਼ਾਹ, ਧੰਨ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ। ਇਹ ਭਾਈ ਵੀਰ ਸਿੰਘ ਜੀ ਨੇ ਲਫਜ਼ ਲਿਖੇ ਹਨ, ਇਹ ਕਦੀ ਮਾਣ ਨਹੀਂ ਸੀ ਕਰਦੇ ਕਿ ਮੈਂ ਸ਼ਹਿਨਸ਼ਾਹ ਦੀ ਮਹਿਲ ਹਾਂ, ਮਾਤਾ ਜੀਤੋ ਜੀ। ਦੂਜੀ ਗੱਲ ਦਾਸ ਨੂੰ ਬੜੀ ਵਧੀਆ ਲੱਗੀ, ਉਹ ਕੀ ਲਿਖੀ ਹੈ? ਕਹਿੰਦੇ ਸੀ, ਮਾਤਾ ਜੀਤੋ ਜੀ ਇਹ ਕਹਿੰਦੇ ਸੀ ਕਿ ਇਹ ਸ਼ਹਿਨਸ਼ਾਹ ਕਲਗੀਆਂ ਵਾਲੇ ਪਿਤਾ ਜੀ ਦੀ ਸੰਗਤ ਵੀ ਉਸ ਦੀ ਫੁਲਵਾੜੀ ਹੈ ਤੇ ਮੈਂ ਉਸ ਦੀ ਫੁਲਵਾੜੀ ਦਾ ਫੁੱਲ ਹਾਂ, ਆਪਾਂ ਇਕੋ ਜਿਹੇ ਹਾਂ, ਮੈਂ ਕੋਈ ਵੱਡੀ ਨਹੀਂ ਹਾਂ। ਇਹ ਬੜੀ ਵੱਡੀ ਗੱਲ ਹੈ।

ਹੁਣ ਅਗਲੀ ਗੱਲ ਭਾਈ ਵੀਰ ਸਿੰਘ ਜੀ ਨੇ ਲਿਖੀ ਹੈ। ਪਹਿਲੀ ਗੱਲ ਇਹ ਕਿ ਮਾਤਾ ਜੀ ਮਾਣ ਨਹੀਂ ਸੀ ਕਰਦੇ ਕਿ ਮੈਂ ਸ਼ਹਿਨਸ਼ਾਹ ਦੀ ਮਹਿਲ ਹਾਂ, ਦੂਜੀ ਗੱਲ, ਸੰਗਤ ਸ਼ਹਿਨਸ਼ਾਹ ਦੀ ਫੁਲਵਾੜੀ ਹੈ ਤੇ ਮੈਂ ਫੁਲਵਾੜੀ ਦਾ ਫੁੱਲ ਹਾਂ ਤੇ ਅਗਲੀ ਗੱਲ, ਪੱਲੇ ਬੰਨਿਓਂ, ਬੜੀ ਵੱਡੀ ਹੈ, ਮਾਤਾ ਅਜੀਤ ਕੌਰ ਜੀ, ਕਦੀ ਸੰਗਤ ਕੋਲੋਂ ਸੇਵਕ ਸਮਝ ਕੇ ਕੰਮ ਨਹੀਂ ਸੀ ਲੈਂਦੇ। ਇਹ ਗੱਲਾਂ ਘਰਾਂ ਵਿੱਚ ਲਿਆਵੋ। ਨਹੀਂ ਤਾਂ ਚਾਰ ਸ਼ਬਦ ਆ ਜਾਣ, ਥੋੜ੍ਹਾ ਜਿਹਾ ਸੰਗਤ ਸਤਿਕਾਰ ਸ਼ੁਰੂ ਕਰ ਦੇਵੇ ਤੇ ਕਈ ਵਾਰ ਪਰਵਾਰਿਕ ਮੈਂਬਰ ਸੰਗਤ ਕੋਲੋਂ ਸੇਵਕ ਸਮਝ ਕੇ ਸੇਵਾ ਲੈਣ ਲੱਗ ਪੈਂਦੇ ਹਨ। ਇਹ ਬੜੀ ਵੱਡੀ ਗੱਲ ਹੈ। ਦਾਸ ਲਿਖੀਆਂ ਗੱਲਾਂ ਆਪ ਜੀ ਦੇ ਅੱਗੇ ਰੱਖ ਰਿਹਾ ਹੈ, ਕੋਲੋਂ ਨਹੀਂ ਬੋਲ ਰਿਹਾ।

ਚੌਥਾ ਗੁਣ, ਮਾਤਾ ਅਜੀਤ ਕੌਰ ਜੀ ਦਾ ਲਿਖਿਆ ਹੈ, ਉਨ੍ਹਾਂ ਦਾ ਦਿਨ ਕਿਵੇਂ ਬੀਤਦਾ ਹੈ? ਮਾਤਾ ਜੀ ਦਿਨ ਨੂੰ ਸਹਿਜ ਸੁਭਾਅ ਪਿਆਰ ਵਿੱਚ ਭਲਾਈ ਦੇ ਕਾਰਜ ਕਰਦਿਆਂ ਬਿਤਾਉਂਦੇ ਸੀ। ਇਹ ਬੜੀ ਵੱਡੀ ਗੱਲ ਹੈ। ਭਲਾਈ ਦੇ ਕਾਰਜ ਕਰਦਿਆਂ ਦਿਨ ਬਤੀਤ ਹੁੰਦਾ ਸੀ। ਸੰਗਤ ਜੀ, ਬੜੀ ਵੱਡੀ ਗੱਲ ਹੈ। ਦਿਨ ਇੰਝ ਬਤੀਤ ਹੋਵੇ, ਦੁਪਹਿਰ ਦੇ ਬਾਰ੍ਹਾਂ ਵਜੇ ਹਨ ਤੇ ਤਾਂ ਵੀ ਸਰੀਰ ਕੋਲੋਂ ਕੋਈ ਭਲਾਈ ਹੋ ਰਹੀ ਹੈ।

ਇਹ ਮਾਤਾ ਅਜੀਤ ਕੌਰ ਜੀ ਦਾ ਚੌਥਾ ਗੁਣ ਸੀ, ਦਿਨੇ ਸਹਿਜ ਸੁਭਾਅ, ਪਿਆਰ ਵਿੱਚ ਭਲਾਈ ਦੇ ਕਾਰਜ ਕਰਦੇ ਸਨ। ਇਹ ਭਲਾਈ ਹੱਥਾਂ ਨਾਲ

ਵੀ ਹੋ ਸਕਦੀ ਹੈ, ਭਲਾਈ ਹਿਰਦੇ ਨਾਲ ਵੀ ਹੋ ਸਕਦੀ ਹੈ ਤੇ ਭਲਾਈ ਰਸਨਾ ਨਾਲ ਵੀ ਹੋ ਸਕਦੀ ਹੈ। ਇਸ ਤਰ੍ਹਾਂ ਦਿਨ ਬਤੀਤ ਕਰਦੇ ਸਨ।

ਹੁਣ ਪੰਜਵਾਂ ਗੁਣ ਧਿਆਨ ਦੇਣਾ। ਇਸ ਵਿੱਚ ਬੜਾ ਪਿਆਰ ਹੈ ਤੇ ਬੜਾ ਰਸਤਾ ਮਿਲਿਆ ਹੈ। ਮਾਤਾ ਅਜੀਤ ਕੌਰ ਜੀ ਦਾ ਪੰਜਵਾਂ ਗੁਣ, ਜ਼ਿਆਦਾ ਸਮਾਂ ਸਮਾਧੀ ਵਿੱਚ ਬਿਤਾਉਂਦੇ ਸੀ। ਦਾਸ ਪੜ੍ਹ ਕੇ ਹੈਰਾਨ ਹੋ ਗਿਆ। ਅੰਮ੍ਰਿਤ ਵੇਲਾ ਹੋਣ ਤੋਂ ਪਹਿਲਾਂ ਹੀ ਸਿਮਰਨ ਕਰਨ ਲੱਗ ਜਾਂਦੇ ਸੀ। ਹੁਣ ਇੱਥੇ ਆ ਕੇ ਤੁਹਾਨੂੰ ਪਿਆਰ ਵਾਲਾ ਨਸ਼ਾ ਆਵੇਗਾ। ਸਾਡੇ ਮਾਤਾ ਅਜੀਤ ਕੌਰ ਜੀ ਕੌਣ ਹਨ? ਅੰਮ੍ਰਿਤ ਵੇਲਾ ਹੋਣ ਤੋਂ ਪਹਿਲਾਂ ਹੀ ਸਿਮਰਨ ਵਿੱਚ ਬੈਠ ਗਏ, ਸਮਾਧੀ ਵਿੱਚ ਬੈਠ ਗਏ। ਔਰ ਜਦੋਂ ਗੁਰੂ ਕਲਗੀਧਰ ਮਹਾਰਾਜ ਜੀ ਦਾ ਦੀਵਾਨ ਵਿੱਚ ਜਾਣ ਦਾ ਸਮਾਂ ਹੁੰਦਾ ਸੀ, ਹੁਣ ਧੰਨ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦਸਤਾਰ ਸਜਾ ਕੇ ਦੀਵਾਨ ਵਿੱਚ ਚਲੇ ਹਨ, ਜਿਸ ਸਮੇਂ ਮਹਾਰਾਜ ਜੀ ਦੀਵਾਨ ਵਿੱਚ ਆਉਂਦੇ ਹੋਣਗੇ ਤੇ ਦਾਸ ਪੜ੍ਹ ਕੇ ਹੈਰਾਨ ਹੋ ਗਿਆ, ਦਾਸ ਨੂੰ ਬੜਾ ਅਨੰਦ ਆਇਆ। ਜਦੋਂ ਧੰਨ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਅੰਮ੍ਰਿਤ ਵੇਲੇ ਦੀਵਾਨ ਵਿੱਚ ਜਾਂਦੇ ਸਨ ਤੇ ਮਾਤਾ ਅਜੀਤ ਕੌਰ ਜੀ, ਇੱਕ ਸਿਹਰਾ ਫੁੱਲਾਂ ਦਾ, ਜਾਣ ਤੋਂ ਪਹਿਲਾਂ ਸਾਡੇ ਪਿਤਾ ਜੀ ਦੇ ਗਲ ਵਿੱਚ ਪਾਉਂਦੇ ਸਨ। ਇਹ ਸਿਹਰਾ ਕੌਣ ਲਿਆਉਂਦਾ ਸੀ: ਸੋਹਿਨਾ ਤੇ ਮੋਹਿਨਾ। ਉਨ੍ਹਾਂ ਦੀ ਸੇਵਾ ਸੀ। ਧੰਨ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਦੀਵਾਨ ਵਿੱਚ ਜਾਣਾ ਤੇ ਮਾਤਾ ਅਜੀਤ ਕੌਰ ਜੀ ਨੇ ਪੰਜ-ਸੱਤ ਮਿੰਟ ਪਹਿਲਾਂ ਆਪਣੀ ਸਮਾਧੀ ਵਿੱਚੋਂ ਉੱਠ ਪੈਣਾ। ਸਤਿਗੁਰੂ ਜੀ ਨੂੰ ਫੁੱਲਾਂ ਦਾ ਸਿਹਰਾ ਪਾ ਕੇ ਸਤਿਕਾਰ ਭੇਟ ਕਰਨਾ।

ਅਗਲੀ ਗੱਲ ਲਿਖੀ ਹੈ, ਭਾਈ ਵੀਰ ਸਿੰਘ ਜੀ ਤੇ ਹੋਰ ਰਾਈਟਰਾਂ ਨੇ, ਮਾਤਾ ਅਜੀਤ ਕੌਰ ਜੀ ਸਿਹਰਾ ਪਾਉਣ ਤੋਂ ਬਾਅਦ ਧੰਨ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੇ ਚਰਨਾਂ ਉੱਤੇ ਮੱਥਾ ਟੇਕਣਾ। ਪੂਰਾ ਮੱਥਾ ਲਗਾਉਣਾ, ਸਤਿਗੁਰੂ ਜੀ ਦੇ ਚਰਨਾਂ ਨੂੰ। ਕਿੰਨੇ ਭਾਗਾਂ ਵਾਲੇ ਮਾਤਾ ਜੀ ਹੋਣਗੇ। ਚਰਨਾਂ ਤੇ ਮੱਥਾ ਲਗਾ ਕੇ ਮੱਥਾ ਟੇਕਣਾ। ਸੰਗਤ ਜੀ, ਅਗਲੀ ਗੱਲ ਹੋਰ ਪਿਆਰੀ ਲਿਖੀ ਹੈ, ਰਾਈਟਰਾਂ ਨੇ। ਇੱਕ ਤਾਂ ਸਮਾਧੀ ਵਿੱਚ ਬੈਠਦੇ ਸਨ, ਅੰਮ੍ਰਿਤ ਵੇਲਾ ਹੋਣ ਤੋਂ ਪਹਿਲਾਂ ਹੀ ਸਿਮਰਨ ਸ਼ੁਰੂ ਕਰ ਦਿੰਦੇ ਸਨ ਤੇ ਜਦੋਂ ਧੰਨ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਆਪਣੇ ਅਭਿਆਸ ਤੋਂ ਬਾਅਦ ਜਾਂਦੇ ਸੀ, ਦੀਵਾਨ ਵਿੱਚ, ਜਿਹੜਾ ਵੀ ਸਮਾਂ ਸਤਿਗੁਰੂ ਜੀ ਦਾ ਹੋਵੇਗਾ, ਮਾਤਾ ਜੀ ਨੇ ਫੁੱਲਾਂ ਦਾ ਸਿਹਰਾ ਪਾਉਣਾ ਤੇ ਚਰਨਾਂ ਉੱਤੇ ਮੱਥਾ ਟੇਕ ਕੇ ਦੀਵਾਨ ਵਿੱਚ ਭੇਜਣਾ, ਧੰਨ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੂੰ। ਭੇਜਣ ਤੋਂ ਬਾਅਦ ਅਗਲੀ ਗੱਲ ਲਿਖੀ ਹੈ। ਕਹਿੰਦੇ, ਉਹੋ ਰੂਪ, ਜਿਸ ਰੂਪ ਵਿੱਚ ਸਿਹਰਾ ਪਾਇਆ ਹੈ, ਭਾਈ ਵੀਰ ਸਿੰਘ ਜੀ ਲਿਖਦੇ ਹਨ, ਉਹੋ ਰੂਪ ਨੈਣਾਂ ਵਿੱਚ ਵਸਾ ਕੇ ਸੂਰਜ ਚੜ੍ਹਨ ਤੱਕ ਕਲਗੀਧਰ ਪਿਤਾ ਜੀ ਦੇ ਧਿਆਨ ਵਿੱਚ ਬੈਠੇ ਰਹਿੰਦੇ ਸੀ। ਆਹ ਪਿਆਰ ਹੈ, ਬਾਜਾਂ ਵਾਲੇ ਪਿਤਾ ਜੀ ਨਾਲ। ਹੁਣ ਜਿਸ ਰੂਪ ਵਿੱਚ ਸਿਹਰਾ ਪਾਇਆ, ਉਹ ਨੈਣਾਂ ਵਿੱਚ ਵਸਾ ਲਿਆ। ਮਹਾਰਾਜ ਜੀ ਦੀਵਾਨ ਵਿੱਚ ਚਲੇ ਗਏ। ਸਿਮਰਨ ਕਰਦਿਆਂ ਉਸ ਸਰੂਪ ਦਾ ਧਿਆਨ ਧਰ ਕੇ ਸੂਰਜ ਚੜ੍ਹਨ ਤੱਕ ਉਸ ਧਿਆਨ ਵਿੱਚ ਬੈਠੇ ਰਹਿੰਦੇ ਸਨ। ਪੰਜ ਗੁਣ ਹੋ ਗਏ ਹਨ। ਇੱਕ ਜ਼ਿਕਰ ਹੋਰ ਹੈ ਜੋ ਦਾਸ ਨੂੰ ਬੜਾ ਪਿਆਰਾ ਲੱਗਾ ਹੈ। ਦਾਸ ਦੇ ਸਾਹਮਣੇ ਪੰਕਤੀਆਂ ਆ ਰਹੀਆਂ ਹਨ:

***ਸਾਚੁ ਕਹੌਂ ਸੁਨ ਲੇਹੁ ਸਭੈ***
***ਜਿਨ ਪ੍ਰੇਮੁ ਕੀਓ ਤਿਨ ਹੀ ਪ੍ਰਭੁ ਪਾਇਓ ॥੯॥***

***(ਤ੍ਵ ਪ੍ਰਸਾਦਿ ਸਵੱਯੇ)***

ਇਹ ਪ੍ਰੇਮ ਹੈ। ਇਹ ਪਿਆਰ ਹੈ। ਧੰਨ ਗੁਰੂ

ਗੋਬਿੰਦ ਸਿੰਘ ਜੀ ਮਹਾਰਾਜ ਨੂੰ ਕੇਵਲ ਆਪਣਾ ਪਤੀ ਨਹੀਂ ਸਮਝਿਆ, ਰੱਬ ਸਮਝਿਆ ਹੈ। ਕਿਹੋ ਜਿਹਾ ਸੀਨ ਹੋਵੇਗਾ, ਮਾਤਾ ਅਜੀਤ ਕੌਰ ਜੀ ਨੇ ਗੁਰੂ ਸਾਹਿਬ ਜੀ ਦੇ ਗਲ ਵਿੱਚ ਸਿਹਰਾ ਪਾਉਣਾ, ਜਿਹੜਾ ਸੋਹਿਨਾ ਮੋਹਿਨਾ ਨੇ ਲਿਆਉਣਾ, ਚਰਨਾਂ ਤੇ ਮੱਥਾ ਟੇਕਣਾ, ਨੈਣਾਂ ਵਿੱਚ ਰੂਪ ਵਸਾ ਕੇ ਫਿਰ ਸੂਰਜ ਚੜ੍ਹੇ ਤੱਕ ਬੈਠਣਾ।

***ਖੂਬੁ ਤੇਰੀ ਪਗਰੀ ਮੀਠੇ ਤੇਰੇ ਬੋਲ ॥***
***ਦੁਆਰਿਕਾ ਨਗਰੀ ਕਾਹੇ ਕੇ ਮਗੋਲ ॥੨॥***

*(ਅੰਗ ੭੨੭)*

ਇਹ ਕਿਹੜੀ ਅਵਸਥਾ ਹੋਵੇਗੀ:

***ਅੰਤਰਿ ਗੁਰੁ ਆਰਾਧਣਾ ਜਿਹਵਾ ਜਪਿ ਗੁਰ ਨਾਉ ॥***
***ਨੇਤ੍ਰੀ ਸਤਿਗੁਰੁ ਪੇਖਣਾ ਸ੍ਰਵਣੀ ਸੁਨਣਾ ਗੁਰ ਨਾਉ ॥***

*(ਅੰਗ ੫੧੭)*

ਉਹ ਰੂਪ ਨੈਣਾਂ ਵਿੱਚ ਵਸਾ ਲੈਣਾ :

***ਸਭੁ ਦਿਨਸੁ ਰੈਣਿ ਦੇਖਉ ਗੁਰੁ ਅਪੁਨਾ***
***ਵਿਚਿ ਅਖੀ ਗੁਰ ਪੈਰ ਧਰਾਈ ॥੨੮॥***

*(ਅੰਗ ੭੫੮)*

ਅਰਦਾਸ ਕਰੋ, ਇਸੇ ਜਨਮ ਵਿੱਚ ਧੰਨ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੂੰ ਪਛਾਣ ਲਈਏ। ਜਿਹੜਾ ਪਛਾਣ ਲਵੇਗਾ, ਆਪਣੇ ਬੱਚੇ ਲਈ ਵੀ ਜਪੁਜੀ ਸਾਹਿਬ ਵੱਧ ਕਰੇਗਾ, ਤੇਰੀ ਸਿੱਖੀ ਨਾ ਕਿਤੇ ਚਲੀ ਜਾਵੇ। ਇਹ ਸਤਿਸੰਗ ਵਿੱਚੋਂ ਪਿਆਰ ਲੈ ਕੇ ਜਾਣਾ। ਮਾਤਾ ਜੀਤੋ ਜੀ ਦੇ ਮਾਤਾ-ਪਿਤਾ ਜੀ ਪਰਮਾਰਥ ਦੇ ਖੋਜੀ ਸਨ। ਮਾਤਾ ਜੀਤੋ ਜੀ ਦੇ ਮਾਤਾ-ਪਿਤਾ ਜੀ ਨੂੰ ਲਗਨ ਕਿੱਥੋਂ ਲੱਗੀ ਸੀ, ਛੇਵੇਂ ਪਾਤਸ਼ਾਹ ਜੀ ਦੀ ਸੰਗਤ ਵਿੱਚੋਂ। ਉਦੋਂ ਤੋਂ ਇਹ ਪਰਿਵਾਰ ਗੁਰੂ ਘਰ ਨਾਲ ਜੁੜਿਆ ਸੀ। ਮਾਤਾ ਜੀਤੋ ਜੀ ਨੂੰ ਇੰਨਾ ਪਿਆਰ, ਲਗਨ ਕਿੱਥੋਂ ਲੱਗੀ, ਲਿਖਿਆ ਹੈ, ਮਾਤਾ ਅਜੀਤ ਕੌਰ ਜੀ ਦੇ ਮਾਤਾ ਜੀ ਅਤੇ ਦਾਦੀ ਜੀ ਨੇ ਮਾਤਾ ਜੀਤੋ ਜੀ ਨੂੰ ਸਿੱਖੀ ਦੀਆਂ ਸਾਖੀਆਂ ਸੁਣਾਈਆਂ। ਰੋਜ਼ ਸਾਖੀਆਂ ਸੁਣਾਉਂਦੇ ਸਨ, ਮਾਤਾ ਜੀ ਤੇ ਦਾਦੀ ਜੀ। ਹੁਣ ਜਦੋਂ ਰਿਸ਼ਤਾ ਹੋਇਆ ਹੈ, ਮਾਤਾ ਜੀਤੋ ਜੀ ਦੇ ਪਿਤਾ ਜੀ ਕਹਿੰਦੇ, ਵਿਆਹ ਲਾਹੌਰ ਕਰਨਾ ਹੈ ਜਿਹੜਾ ਪਾਕਿਸਤਾਨ ਵਿੱਚ ਹੈ। ਸਾਡੇ ਗੁਰੂ ਸਾਹਿਬ ਵੀ ਸਲਾਹਾਂ ਕਰਦੇ ਹਨ। ਗੁਰੂ ਸਾਹਿਬ ਕਹਿੰਦੇ, ਜਿਸ ਲਾਹੌਰ ਵਿੱਚ ਧੰਨ ਗੁਰੂ ਅਰਜਨ ਦੇਵ ਜੀ ਮਹਾਰਾਜ ਦੀ ਸ਼ਹੀਦੀ ਹੋਈ ਹੈ, ਉੱਥੇ ਮੈਂ ਸਿਹਰਾ ਬੰਨ ਕੇ ਨਹੀਂ ਜਾ ਸਕਦਾ। ਉਹ ਕਹਿੰਦੇ, ਲਾਹੌਰ ਹੀ ਕਰਨਾ ਹੈ ਤੇ ਸਾਡੇ ਬਾਬਾ ਜੀ ਬੜੇ ਵੱਡੇ ਹਨ। ਗੁਰੂ ਸਾਹਿਬ ਕਹਿੰਦੇ, ਜੇ ਲਾਹੌਰ ਹੀ ਕਰਨਾ ਹੈ, ਅਸੀਂ ਨਵਾਂ ਲਾਹੌਰ ਵਸਾ ਦਿੰਦੇ ਹਾਂ। ਤੁਸੀਂ ਲਾਹੌਰ ਕਰਨਾ ਹੈ, ਅਸੀਂ ਨਵਾਂ ਲਾਹੌਰ ਵਸਾ ਦਿੰਦੇ ਹਾਂ। ਵੇਖ ਲਓ, ਸਾਡੇ ਬਾਬਾ ਜੀ ਤਕੜੇ ਹਨ। ਸ੍ਰੀ ਅਨੰਦਪੁਰ ਸਾਹਿਬ ਤੋਂ, ਉਦੋਂ ਦੇ ਬਾਰ੍ਹਾਂ ਕੋਹ ਕਹਿ ਲਓ, ਨਵਾਂ ਨਗਰ ਵਸਾਇਆ ਤੇ ਅੱਜ ਵੀ ਤੁਸੀਂ ਕਹਿੰਦੇ ਹੋ: ਗੁਰੂ ਕਾ ਲਾਹੌਰ। ਇੱਕ ਲਾਹੌਰ ਪਾਕਿਸਤਾਨ ਵਿੱਚ ਹੈ ਤੇ ਇੱਕ ਲਾਹੌਰ ਇਹ ਹੈ ਜਿਹੜਾ ਕਲਗੀਧਰ ਪਿਤਾ ਜੀ ਨੇ ਸ੍ਰੀ ਅਨੰਦਪੁਰ ਸਾਹਿਬ ਜੀ ਤੋਂ ਥੋੜ੍ਹੀ ਦੂਰੀ ਤੇ ਆਪ ਵਸਾਇਆ।

ਮਾਤਾ ਜੀਤੋ ਜੀ ਦੇ ਪਰਿਵਾਰ ਨੇ ਬੇਨਤੀ ਕੀਤੀ ਕਿ ਵਿਆਹ ਲਾਹੌਰ ਹੀ ਕਰਨਾ ਹੈ। ਗੁਰੂ ਸਾਹਿਬ ਕਹਿੰਦੇ, ਇੱਥੇ ਹੀ ਲਾਹੌਰ ਵਸਾ ਦਿੰਦੇ ਹਾਂ। ਗੁਰੂ ਕਾ ਲਾਹੌਰ। ਧਿਆਨ ਦੇਣਾ। ਜਦੋਂ ਵਸ ਰਿਹਾ ਸੀ, ਦੁਕਾਨਾਂ ਪੈ ਰਹੀਆਂ ਸੀ। ਇੱਕ ਧੋਬੀ ਲਿਖਿਆ ਹੈ, ਉਹ ਧੋਬੀ ਵੀ ਮਹਾਰਾਜ ਜੀ ਦਾ ਹੀ ਸੀ। ਉਹ ਧੋਬੀ ਜਦੋਂ ਨਾਲ ਆ ਗਿਆ ਜਦੋਂ ਸਾਡੇ ਕਲਗੀਧਰ ਪਿਤਾ ਜੀ ਸ਼ਹਿਰ ਵਸਾ ਰਹੇ ਹਨ, ਗੁਰੂ ਕਾ ਲਾਹੌਰ। ਉਹ ਧੋਬੀ ਕਹਿੰਦਾ, ਇੱਕ ਬੇਨਤੀ ਹੈ ਸਤਿਗੁਰੂ ਜੀ। ਕਲਗੀਧਰ ਪਿਤਾ ਜੀ ਕਹਿੰਦੇ, ਦੱਸੋ। ਉਹ ਧੋਬੀ ਕਹਿਣ ਲੱਗਾ, ਇੱਥੇ ਪਾਣੀ ਨਹੀਂ

ਹੈ। ਜਿਹੜੇ ਕੱਪੜੇ ਧੋਣੇ ਪੈਣੇ ਹਨ, ਉਹ ਫਿਰ ਸ੍ਰੀ ਅਨੰਦਪੁਰ ਸਾਹਿਬ ਹੀ ਜਾਣਾ ਪੈਣਾ ਹੈ। ਇੱਥੇ ਪਾਣੀ ਨਹੀਂ ਹੈ, ਇਸ ਜਗ੍ਹਾ ਤੋਂ ਕੱਪੜੇ ਧੋਣੇ ਫਿਰ ਸ੍ਰੀ ਅਨੰਦਪੁਰ ਸਾਹਿਬ ਹੀ ਜਾਣਾ ਪੈਣਾ ਹੈ। ਸਾਡੇ ਬਾਬਾ ਜੀ ਤਕੜੇ ਹਨ। ਗੁਰੂ ਕਲਗੀਧਰ ਪਿਤਾ ਜੀ ਕਹਿੰਦੇ, ਲਿਆਓ ਨੇਜਾ। ਜਦੋਂ ਨੇਜਾ ਲਿਆਂਦਾ ਤੇ ਸਤਿਗੁਰੂ ਜੀ ਜਾਣੀ-ਜਾਣ, ਧੰਨ ਗੁਰੂ ਨਾਨਕ ਮਹਾਰਾਜ ਜੀ ਦਾ ਧਿਆਨ ਧਰ ਕੇ ਜਦੋਂ ਨੇਜਾ ਪਹਾੜੀ ਜ਼ਮੀਨ ਤੇ ਮਾਰਿਆ ਤੇ ਲਿਖਿਆ ਹੈ ਕਿ ਤਿੰਨ ਧਾਰਾਂ, ਤ੍ਰਿਵੈਣੀ ਪ੍ਰਗਟ ਹੋ ਗਈ। ਤਿੰਨ ਧਾਰਾਂ ਵਿੱਚ ਜਲ ਪ੍ਰਗਟ ਹੋ ਗਿਆ ਜਿੱਥੇ ਹੁਣ ਗੁਰਦੁਆਰਾ ਤ੍ਰਿਵੈਣੀ ਸਾਹਿਬ ਮੌਜੂਦ ਹੈ। ਸਾਡੇ ਬਾਬਾ ਜੀ ਕੌਣ ਹਨ? ਤਿੰਨ ਧਾਰਾਂ ਪ੍ਰਗਟ ਕਰਕੇ ਤ੍ਰਿਵੈਣੀ ਪ੍ਰਗਟ ਕੀਤੀ। ਹੁਣ ਉੱਥੇ ਗੁਰਦੁਆਰਾ ਤ੍ਰਿਵੈਣੀ ਸਾਹਿਬ ਮੌਜੂਦ ਹੈ।

***ਭੈ ਵਿਚਿ ਪਵਣੁ ਵਹੈ ਸਦਵਾਉ ॥***
***ਭੈ ਵਿਚਿ ਚਲਹਿ ਲਖ ਦਰੀਆਉ ॥***

***(ਅੰਗ ੪੬੪)***

ਹੁਣ ਜਿੱਥੋਂ ਫਿਰ ਬਰਾਤ ਚਲੀ, ਸਿਹਰਾ ਬੰਨ੍ਹਿਆ, ਉੱਥੇ ਗੁਰਦੁਆਰਾ ਸਿਹਰਾ ਸਾਹਿਬ ਹੈ। ਸਾਡੇ ਬਾਬਾ ਜੀ ਨੇ ਵੀ ਸਿਹਰਾ ਬੰਨ੍ਹਿਆ ਹੈ। ਜਿੱਥੇ ਅਨੰਦ ਕਾਰਜ ਹੋਏ ਉੱਥੇ ਗੁਰਦੁਆਰਾ ਸਾਹਿਬ ਹੈ ਗੁਰੂ ਕਾ ਲਾਹੌਰ। ਇਹ ਸਾਰੇ ਅਸਥਾਨ ਉੱਥੇ ਹਨ। ਤਿੰਨ ਗੱਲਾਂ ਕਹਿ ਕੇ ਸਮਾਪਤੀ ਹੈ। ਅੱਜ ਜਿਸ ਮਹਾਨ ਮਾਤਾ ਜੀ ਦਾ ਜ਼ਿਕਰ ਸੁਣ ਰਹੇ ਹੋ। ਅੰਮ੍ਰਿਤ ਛਕਾਉਣ ਵੇਲੇ ਜਿਹੜੇ ਪਤਾਸੇ ਬਾਟੇ ਵਿੱਚ ਪਾਉਣਾ ਕੀਤੇ ਤੇ ਭਾਈ ਵੀਰ ਸਿੰਘ ਜੀ ਨੇ ਲਿਖਿਆ ਹੈ, ਮਾਤਾ ਅਜੀਤ ਕੌਰ ਜੀ ਨੇ ਪਤਾਸੇ ਪਾ ਕੇ ਕਿਹਾ, ਮੇਰਾ ਪਿਆਰ, ਮੇਰਾ ਹਿੱਸਾ ਤੇ ਅੱਗੋਂ ਕਲਗੀਧਰ ਪਿਤਾ ਜੀ ਪ੍ਰਸੰਨ ਹੋ ਗਏ ਤੇ ਕਹਿੰਦੇ, ਜੀਤੋ ਜੀ, ਆਹ ਜਿਹੜਾ ਤੁਸੀਂ ਹਿੱਸਾ ਪਾਇਆ ਹੈ, ਜਦੋਂ ਪੰਜ ਪਿਆਰੇ ਅੰਮ੍ਰਿਤ ਦਾ ਬਾਟਾ ਤਿਆਰ ਕਰਨਗੇ, ਤੁਹਾਡਾ ਹਿੱਸਾ ਪਹਿਲਾਂ ਪਿਆ ਕਰੇਗਾ ਤੇ ਨਾਲ ਮੇਰੇ ਖਾਲਸੇ ਵਿੱਚ ਤੁਹਾਡੇ ਪਤਾਸਿਆਂ ਸਦਕਾ ਮਿਠਾਸ ਦਾ ਅੰਸ਼ ਵੀ ਹੋਵੇਗਾ। ਇਸ ਲਈ ਪਤਾਸੇ ਪਹਿਲਾਂ ਪਾਏ ਜਾਂਦੇ ਹਨ। ਤੁਹਾਡਾ ਹਿੱਸਾ ਪਹਿਲਾਂ ਪਵੇਗਾ। ਅੰਮ੍ਰਿਤ ਦੀ ਦਾਤ ਬਖਸ਼ੀ, ਪੰਜ ਪਿਆਰਿਆਂ ਨੂੰ। ਇਹ ਹੋਏ ਹਨ ਪਹਿਲੀ ਖਾਲਸਾ ਔਰਤ। ਔਰਤਾਂ ਵਿੱਚੋਂ ਸਭ ਤੋਂ ਪਹਿਲਾਂ ਅੰਮ੍ਰਿਤ ਮਾਤਾ ਜੀਤੋ ਜੀ ਨੇ ਛਕਿਆ ਹੈ। ਇੱਕ ਤਾਂ ਇਹ ਵਿਸ਼ੇਸ਼ਤਾ ਹੈ, ਮਾਤਾ ਜੀਤੋ ਜੀ ਦੀ ਤੇ ਦੂਜਾ, ਅਰਦਾਸ ਵਿੱਚ ਤੁਸੀਂ ਸਾਹਿਬਜ਼ਾਦਿਆਂ ਦਾ ਨਾਂ ਲੈਂਦੇ ਹੋ, ਹਰ ਅਰਦਾਸ ਵਿੱਚ ਲਿਆ ਜਾਂਦਾ ਹੈ। ਜਿਹੜੇ ਸਾਹਿਬਜ਼ਾਦਿਆਂ ਦਾ ਨਾਂ ਅਰਦਾਸ ਵਿੱਚ ਲਿਆ ਜਾਂਦਾ ਹੈ ਉਨ੍ਹਾਂ ਵਿੱਚੋਂ ਤਿੰਨ ਸਾਹਿਬਜ਼ਾਦੇ ਜਿਨ੍ਹਾਂ ਦੀ ਕੁੱਖ ਵਿੱਚੋਂ ਆਗਮਨ ਹੋਇਆ ਹੋਵੇ, ਉਹ ਮਾਤਾ ਅਜੀਤ ਕੌਰ ਜੀ, ਉਹ ਮਾਤਾ ਜੀ ਕਿੰਨੇ ਵੱਡੇ ਹੋਣਗੇ। ਅੱਜ ਲੋੜ ਹੈ, ਸ਼ਰਧਾ ਦੀ।

ਔਰ ਤੀਜਾ ਬਚਨ ਹੈ, ਇਹ ਬਚਨ ਲਿਆ ਹੈ, ਗਿਆਨੀ ਪਿੰਦਰਪਾਲ ਸਿੰਘ ਜੀ ਦੀਆਂ ਕਿਤਾਬਾਂ ਵਿੱਚੋਂ, ਕਥਾ ਵਿੱਚੋਂ। ਗਿਆਨੀ ਪਿੰਦਰਪਾਲ ਸਿੰਘ ਜੀ ਨੇ ਇੱਕ ਜਗ੍ਹਾ ਤੇ ਕਿਹਾ ਹੈ, ਸਾਹਿਬਜ਼ਾਦਿਆਂ ਨੇ ਛੋਟੀ ਉਮਰ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੀਆਂ ਬਹੁਤ ਸਾਰੀਆਂ ਬਾਣੀਆਂ ਜ਼ਬਾਨੀ ਕੰਠ ਕਰ ਲਈਆਂ ਸਨ। ਇਹ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਦੀਆਂ ਬਾਣੀਆਂ ਕੰਠ ਕਰਨ ਵਿੱਚ ਵੀ ਮਾਤਾ ਅਜੀਤ ਕੌਰ ਜੀ ਦੀ ਬੜੀ ਵੱਡੀ ਦੇਣ ਹੈ। ਮਾਤਾ ਅਜੀਤ ਕੌਰ ਜੀ ਨੇ ਜਿੱਥੇ ਸਰੀਰ ਤਿਆਗਿਆ ਹੈ, ਚੌਲਾ ਬਦਲਿਆ ਹੈ, ਉੱਥੇ ਗੁਰਦੁਆਰਾ ਅਗੰਮਪੁਰਾ ਸਾਹਿਬ ਜੋ ਕਿ ਸ੍ਰੀ ਅਨੰਦਪੁਰ ਸਾਹਿਬ ਤੋਂ 1 ਕਿਲੋਮੀਟਰ ਦੀ ਵਿੱਥ ਤੇ ਸੁਸ਼ੋਭਿਤ ਹੈ। ਇਸ ਅਸਥਾਨ ਤੇ ਇਹ ਲਿਖਿਆ

ਹੋਇਆ ਹੈ ਕਿ ਮਾਤਾ ਜੀ ਨੇ 13 ਅੱਸੂ ਸੰਨ 1700 ਈਸਵੀ ਨੂੰ ਪਰਲੋਕ ਗਮਨ ਕੀਤਾ। ਇਸ ਅੰਕ ਵਿੱਚ ਆਪ ਜੀ ਨੇ ਉਸ ਮਹਾਨ ਮਾਤਾ ਜੀ ਦੇ ਜੀਵਨ ਦੀਆਂ ਵਿਚਾਰਾਂ ਦੁਆਰਾ ਉਨ੍ਹਾਂ ਦੇ ਗੁਣਾਂ ਦੇ ਦਰਸ਼ਨ ਕੀਤੇ ਹਨ, ਇੱਕ ਵਾਰੀ ਇਹ ਪੰਕਤੀਆਂ ਪਿਆਰ ਨਾਲ ਪੜ੍ਹਿਓ ਤੇ ਦਾਸ ਗੁਰੂ ਸਾਹਿਬ ਦੇ ਪਿਆਰ ਵਿੱਚ ਕਹਿ ਰਿਹਾ ਹੈ, ਬੀਬੀਓ, ਸਾਡਾ ਸਾਰਿਆਂ ਦਾ ਸੱਚਾ ਪਿਆਰ ਗੁਰੂ ਸਾਹਿਬ ਨਾਲ ਹੋਵੇ। ਅੱਜ ਮਾਤਾ ਅਜੀਤ ਕੌਰ ਜੀ ਨੂੰ ਅਰਦਾਸ ਕਰਨਾ, ਮਾਤਾ ਜੀ ਜਿਹੜੇ ਤੁਹਾਡੇ ਪਿਆਰ ਵਾਲੇ ਰੰਗ ਪੜ੍ਹੇ ਹਨ, ਤੁਹਾਡੀਆਂ ਪਿਆਰ ਵਾਲੀਆਂ ਸਮਾਧੀਆਂ ਪੜ੍ਹੀਆਂ ਹਨ, ਜਿਹੜਾ ਕਲਗੀਧਰ ਪਿਤਾ ਜੀ ਨਾਲ ਤੁਹਾਡਾ ਪਿਆਰ ਪੜ੍ਹਿਆ ਹੈ, ਮਾਤਾ ਜੀ, ਇੱਕ ਛਿੱਟਾ ਸਾਡੀ ਸੰਗਤ ਤੇ ਵੀ ਦੇ ਦੇਣਾ। ਕਿਰਪਾ ਕਰਨੀ।

***ਦੀਨ ਦਇਆਲ ਭਰੋਸੇ ਤੇਰੇ ॥***
***ਸਭੁ ਪਰਵਾਰੁ ਚੜਾਇਆ ਬੇੜੇ ॥੧॥ ਰਹਾਉ ॥***

*(ਅੰਗ ੩੩੭)*

***ਪੂਤਾ ਮਾਤਾ ਕੀ ਆਸੀਸ ॥***
***ਨਿਮਖ ਨ ਬਿਸਰਉ ਤੁਮ੍ ਕਉ ਹਰਿ ਹਰਿ***
***ਸਦਾ ਭਜਹੁ ਜਗਦੀਸ ॥੧॥ ਰਹਾਉ ॥***

*(ਅੰਗ ੪੯੬)*

***ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ ॥***

*(ਅੰਗ ੪੭੩)*

*—ਅਗਲੇ ਅੰਕ ਵਿੱਚ ਅਠਾਰ੍ਹਵਾਂ ਭਾਗ ਪੜ੍ਹੋ ਜੀ।*

---


## ਰਸਾਲਾ ਬੁੱਕ ਕਰਵਾਉਣ ਵਾਸਤੇ ਪਾਠਕਾਂ ਨੂੰ ਜ਼ਰੂਰੀ ਬੇਨਤੀ

ਸੰਗਤਾਂ ਨੂੰ ਬੇਨਤੀ ਹੈ ਕਿ ਰਸਾਲਾ ਬੁੱਕ ਕਰਵਾਉਣ ਲਈ ਸਿਫਤਿ ਸਾਲਾਹ ਦੇ ਬੈਂਕ ਖਾਤੇ ਵਿੱਚ ਕੈਸ਼ ਜਮ੍ਹਾਂ ਨਾ ਕਰਵਾਇਆ ਜਾਵੇ ਕਿਉਂਕਿ ਕੈਸ਼ ਜਮ੍ਹਾਂ ਕਰਵਾਉਣ ਤੇ 60/- ਰੁਪਏ ਬੈਂਕ ਵੱਲੋਂ ਕੱਟ ਲਏ ਜਾਂਦੇ ਹਨ। ਰਸਾਲਾ ਬੁੱਕ ਕਰਵਾਉਣ ਲਈ ਜਾਂ Subscription Renew ਕਰਵਾਉਣ ਲਈ ਆਪ ਜੀ ਹੇਠ ਲਿਖੇ ਢੰਗ ਨਾਲ ਚੰਦਾ ਭੇਜ ਸਕਦੇ ਹੋ।

**ਸਿਫਤਿ ਸਾਲਾਹ ਪੱਤ੍ਰਿਕਾ**
**ਆਪ ਪੜ੍ਹੋ ਤੇ ਹੋਰਨਾਂ ਨੂੰ ਵੀ ਪੜ੍ਹਾਓ।**

1) ਬੈਂਕ ਡਰਾਫਟ, ਚੈੱਕ ਰਾਹੀਂ ਜਾਂ Paytm No. 9876525850
2) RTGS/NEFT ਰਾਹੀਂ ਜਾਂ ਬੈਂਕ Transfer ਰਾਹੀਂ
ਨਾਮ :- ਧੰਨ ਧੰਨ ਮਾਤਾ ਕੌਲਾਂ ਜੀ ਸਿਫਤਿ ਸਾਲਾਹ
ਖਾਤਾ ਨੰ. 55031111026 ਬੈਂਕ :- ਸਟੇਟ ਬੈਂਕ ਆਫ ਇੰਡੀਆ
IFSC ਕੋਡ ਨੰ. SBIN0050245 ਬ੍ਰਾਂਚ :- ਚਾਟੀਵਿੰਡ ਚੌਂਕ, ਅੰਮ੍ਰਿਤਸਰ।

**VPP ਰਾਹੀਂ ਘਰ ਬੈਠੇ ਰਸਾਲਾ ਮੰਗਵਾਓ**

3) ਆਪ ਜੀ ਇਸ ਨੰਬਰ 98765-25850 ਤੇ ਆਪਣਾ ਪੂਰਾ ਪਤਾ ਲਿਖ ਕੇ SMS ਕਰ ਦਿਓ ਅਤੇ ਕਿੰਨੇ ਸਾਲ ਲਈ ਬੁੱਕ ਕਰਵਾਉਣਾ ਹੈ ਲਿਖ ਦਿਓ। 10 ਦਿਨ ਦੇ ਅੰਦਰ-ਅੰਦਰ ਡਾਕੀਆ ਆਪ ਜੀ ਦੇ ਦਿੱਤੇ ਹੋਏ ਪਤੇ ਤੇ ਰਸਾਲਾ ਦੇਣ ਆਵੇਗਾ ਅਤੇ ਇੱਕ ਸਾਲ ਦਾ ਚੰਦਾ 184/- ਰੁਪਏ, ਦੋ ਸਾਲ ਦਾ ਚੰਦਾ 340/- ਰੁਪਏ, ਪੰਜ ਸਾਲ ਦਾ ਚੰਦਾ 650/- ਰੁਪਏ ਆਪ ਜੀ ਪਾਸੋਂ ਰਸਾਲੇ ਦੀ ਭੇਟਾ ਵਸੂਲ ਕਰ ਲਵੇਗਾ ਤੇ ਰਸਾਲਾ ਦੇ ਦੇਵੇਗਾ।

| ਚੰਦਾ (ਦੇਸ਼) | |
|---|---|
| ਇੱਕ ਸਾਲ | 150+34=184/- |
| ਦੋ ਸਾਲ | 300+40=340/- |
| ਪੰਜ ਸਾਲ | 600+50=650/- |
| ਲਾਈਫ | 2400+90=2490/- |

ਵਧੇਰੇ ਜਾਣਕਾਰੀ ਲਈ ਸੰਪਰਕ ਨੰ. 98765-25850

ਜੀਵਨ ਇਲਾਹੀ ਜੋਤ

# ਧੰਨ ਧੰਨ ਬਾਬਾ ਨੰਦ ਸਿੰਘ ਜੀ

*—ਭਾਈ ਅਮਰੀਕ ਸਿੰਘ ਜੀ ਗਨੈਸਕ ਦੀ ਪੁਸਤਕ ਵਿੱਚੋਂ*

*ਲੜੀ ਜੋੜਨ ਲਈ ਪਿਛਲਾ ਅੰਕ ਦੇਖੋ ਜੀ :-*

**ਕਾਂਡ ਪੰਜਵਾਂ-**

ਬਾਗੇ ਕੁਝ ਸਮਾਂ ਦੇ ਕੇ ਆਪ ਜੀ ਨਾਨਕਸਰ ਕਲੇਰੀਂ ਆ ਗਏ। ਪੋਹ ਦਾ ਮਹੀਨਾ ਮੁੱਕਣ ਵਾਲਾ ਸੀ। ਇੱਕ ਦਿਨ ਲੋਪੋ ਤੋਂ ਇੱਕ ਬੰਦਾ ਬਾਬਾ ਜੀ ਲਈ ਜੋੜੇ ਬਣਾ ਕੇ ਲੈ ਕੇ ਆਇਆ। ਘਰ ਵਿੱਚ ਪੁੱਤਰ ਨਹੀਂ ਸੀ। ਜੁੱਤੀਆਂ ਬਣਾ ਕੇ ਵੇਚਣਾ ਇਸ ਦਾ ਰੁਜ਼ਗਾਰ ਸੀ। ਜੋੜੇ ਬਣਾ ਕੇ ਮਨ ਵਿੱਚ ਪੁੱਤਰ ਦੀ ਇੱਛਾ ਲਈ ਆ ਪੁੱਜਾ ਨਾਨਕਸਰ। ਬਾਬਾ ਜੀ ਬਾਹਰ ਆਏ ਤਾਂ ਲੱਗਾ ਜੋੜੇ ਅੱਗੇ ਰੱਖ ਕੇ ਪਾਉਣ ਦੀਆਂ ਬੇਨਤੀਆਂ ਕਰਨ, ਪਰ ਬਾਬਾ ਜੀ ਪਾਉਣ ਨਾ। ਸੰਗਤ ਦਾ ਇਕੱਠ ਹੋ ਗਿਆ ਸੀ। ਇਸ ਕੌਤਕ ਨੂੰ ਦੇਖ ਕੇ ਸਾਰੇ ਹੈਰਾਨ ਹੋ ਰਹੇ ਸਨ। ਹਰ ਕੋਈ ਆਪਣੀ ਸੋਚਣੀ ਦੀ ਪੱਧਰ ਨਾਲ ਇਸ ਬਾਰੇ ਸਿੱਟੇ ਕੱਢ ਰਿਹਾ ਸੀ। ਕੋਈ ਇਸ ਵਿੱਚ ਕਿਸੇ ਗੁਹਜ ਭੇਦ ਹੋਣ ਬਾਰੇ ਸੋਚ ਰਿਹਾ ਸੀ ਤਾਂ ਕੋਈ ਸਮਝ ਰਿਹਾ ਸੀ। ਬਾਬਾ ਜੀ ਨੂੰ ਉਸਦੀ ਬੇਨਤੀ ਪ੍ਰਵਾਨ ਕਰ ਲੈਣੀ ਚਾਹੀਦੀ ਹੈ।

"ਬਾਬਾ ਜੀ! ਐਨੀਆਂ ਬੇਨਤੀਆਂ ਕਰ ਰਿਹਾ ਹੈ ਝੱਟ ਪਾ ਲਵੋ।" ਕਿਸੇ ਨੇ ਆਪਣੀ ਮੱਤ ਵਰਤੀ।

"ਇਹ ਜੋੜੇ ਆਖਦੇ ਨੇ ਕਿ ਇਹ ਪੁੱਤਰ ਮੰਗਦਾ ਐ। ਕੋਈ ਹੈ ਤਿਆਰ ਇਹਦੇ ਘਰ ਜਾਣ ਨੂੰ।" ਬਾਬਾ ਜੀ ਨੇ ਬਚਨ ਕੀਤਾ ਤਾਂ ਕਿਸੇ ਦੀ ਕੁਝ ਬੋਲਣ ਦੀ ਹਿੰਮਤ ਨਾ ਪਈ। ਕੌਣ ਕਹਿੰਦਾ ਕਿ ਮੈਂ ਤਿਆਰ ਹਾਂ। ਨੌਂ ਮਹੀਨੇ ਪੁੱਠਾ ਲਮਕਣਾ, ਪਰ ਉਸ ਤੋਂ ਪਹਿਲਾਂ ਮਰਨਾ। ਮਰਨ ਤੋਂ ਤਾਂ ਵੱਡੇ-ਵੱਡੇ ਡਰਦੇ ਨੇ। ਕੋਈ ਗੁਰਮੁਖ ਹੀ ਮੌਤ ਨੂੰ ਜਿੱਤ ਸਕਦਾ ਹੈ। ਜੇ ਕਿਸੇ ਨੂੰ ਮੌਤ ਦਾ ਡਰ ਨਾ ਵੀ ਹੁੰਦਾ ਤਾਂ ਜਨਮ-ਮਰਨ ਦੇ ਗੇੜ ਤੋਂ ਬਚਣ ਦੀ ਖਾਹਿਸ਼ ਤਾਂ ਕਿਤੇ ਨਾ ਕਿਤੇ ਦਿਲ ਵਿੱਚ ਜ਼ਰੂਰ ਸੀ। ਜੇ ਜਨਮ ਲੈਣਾ ਵੀ ਪਵੇ ਤਾਂ ਗਰੀਬ ਘਰਾਣੇ ਵਿੱਚ ਕੌਣ ਜਨਮ ਲੈਣਾ ਪਸੰਦ ਕਰੇਗਾ।

ਕੁਝ ਸਮੇਂ ਬਾਅਦ ਬਾਬਾ ਜੀ ਅੰਦਰ ਚਲੇ ਗਏ। ਪੂਰਨ ਸਿੰਘ ਰਾਗੀ ਨੇ ਉਸਨੂੰ ਪੁੱਛਿਆ ਤਾਂ ਉਸਨੇ ਦੱਸਿਆ ਕਿ ਉਹ ਪੁੱਤਰ ਪ੍ਰਾਪਤੀ ਦੀ ਤਮੰਨਾ ਨਾਲ ਆਇਆ ਸੀ। ਬਾਬਾ ਜੀ ਨੇ ਜਾਣ ਤੋਂ ਬਾਅਦ ਹੋਰ ਪ੍ਰੇਮੀ ਤਾਂ ਇਧਰ-ਓਧਰ ਹੋ ਗਏ, ਉਹ ਇੱਕ ਪਾਸੇ ਬੈਠ ਕੇ ਆਪਣੇ ਕਰਮਾਂ ਦੇ ਹੰਝੂ ਵਹਾਉਣ ਲੱਗਾ। ਉਸ ਦੇ ਦਿਲੋਂ ਹੂਕ ਨਿਕਲੀ, "ਇਸ ਦਰ ਤੋਂ ਕੋਈ ਖਾਲੀ ਨਹੀਂ ਗਿਆ, ਕੀ ਮੇਰੇ ਕਰਮ ਐਨੇ ਹੀ ਮਾੜੇ ਨੇ ਕਿ ਇੱਥੋਂ ਵੀ ਖਾਲੀ ਜਾਣਾ ਪਵੇਗਾ।"

ਕੁਝ ਸਮੇਂ ਬਾਅਦ ਬਾਬਾ ਜੀ ਨੇ ਸੇਵਾਦਾਰ ਭੇਜ ਕੇ ਉਸਨੂੰ ਸੱਦਿਆ। ਉਸਦੇ ਮਨ ਦੀ ਆਸ ਜਾਗੀ। ਹੰਝੂ ਪੂੰਝਦਾ ਹੋਇਆ ਬਾਬਾ ਜੀ ਪਾਸ ਚਲਿਆ ਗਿਆ।

"ਤੂੰ ਭਾਈ ਇਉਂ ਕਰ ਇਹ ਜੋੜੇ ਬਾਹਰ ਇੱਕ ਪਾਸੇ ਕੰਧ ਨਾਲ ਰੱਖ ਦੇ। ਕੋਈ ਲੋੜ ਸਮਝੇਗਾ, ਲੈ ਜਾਵੇਗਾ।" ਬਾਬਾ ਜੀ ਨੇ ਬਚਨ ਕੀਤਾ।

ਉਸਨੂੰ ਯਕੀਨ ਹੋ ਗਿਆ ਕਿ ਉਸਦੀ ਝੋਲੀ ਭਰ ਗਈ ਹੈ। ਹੋਇਆ ਵੀ ਇਵੇਂ। ਸਮਾਂ ਪਾ ਕੇ ਉਸਦੇ ਘਰ ਪੁੱਤਰ ਹੋ ਗਿਆ। ਉਹ ਜੋੜਾ ਕੁਝ ਦਿਨਾਂ ਬਾਅਦ ਹੀ ਕੋਈ ਲੈ ਗਿਆ ਸੀ।

ਮਾਘ ਚੜ੍ਹ ਚੁੱਕਾ ਸੀ। ਇੱਕ ਦਿਨ ਸ਼ਾਮ ਦਾ ਦੀਵਾਨ ਸਜਿਆ ਹੋਇਆ ਸੀ। ਸਮਾਪਤੀ ਦਾ ਸਮਾਂ ਹੋਣ ਵਾਲਾ ਸੀ ਜਦ ਸਮਾਧ ਤੋਂ ਕੁਝ ਪ੍ਰੇਮੀ ਆਏ। ਭਾਈ ਹਜ਼ੂਰਾ ਸਿੰਘ ਤਾਂ ਪਹਿਲਾਂ ਹੀ ਆਇਆ ਕਰਦਾ ਸੀ, ਅੱਜ ਆਪਣੇ ਮਿੱਤਰ ਆਤਮਾ ਸਿੰਘ ਨੂੰ ਲੈ ਕੇ ਆਇਆ ਸੀ। ਆਤਮਾ ਸਿੰਘ ਨੂੰ ਆਪਣੇ ਪਿਤਾ ਤੋਂ ਕੀਰਤਨ ਵਿਦਿਆ ਪ੍ਰਾਪਤ ਹੋਈ ਸੀ। ਆਪਣੇ ਜੱਥੇ ਨਾਲ ਆਇਆ ਸੀ। ਆਉਂਦਿਆਂ ਹੀ ਕੀਰਤਨ ਕਰਨ ਦਾ ਸਮਾਂ ਮਿਲ ਗਿਆ। ਇੱਕ ਸ਼ਬਦ ਦੁਆਰਾ ਹਾਜ਼ਰੀ ਲਾਈ। ਅਗਲੇ ਦਿਨ, ਅੰਮ੍ਰਿਤ ਵੇਲੇ ਫਿਰ ਹਾਜ਼ਰੀ ਭਰੀ। ਬਹੁਤ ਸੁਹਾਵਣਾ ਸਮਾਂ ਬਣਿਆ। ਬਾਬਾ ਜੀ ਬਹੁਤ ਪ੍ਰਸੰਨ ਹੋਏ।

ਭਾਈ ਸੁਜਾਨ ਸਿੰਘ ਜੀ ਦਾ ਜੱਥਾ ਵੀ ਆਇਆ ਹੋਇਆ ਸੀ। ਇੱਕ ਦੋ ਜੱਥੇ ਹੋਰ ਵੀ ਆਏ ਹੋਏ ਸਨ। ਬਹੁਤ ਸੁਹਾਵਣਾ ਸਮਾਂ ਬਣਦਾ। ਬਾਬਾ ਜੀ ਕੀਰਤਨ ਦੇ ਆਸ਼ਕ ਸਨ। ਇੱਕ ਵਾਰ ਭਾਈ ਛਾਂਗਾ ਸਿੰਘ ਦੇ ਜੱਥੇ ਨੂੰ ਕੀਰਤਨ ਦਾ ਸਮਾਂ ਮਿਲਿਆ ਤਾਂ ਉਸਨੇ ਬਾਹਰਲੀ ਬਾਣੀ ਪੜ੍ਹੀ। ਇਹ ਉਸ ਵੇਲੇ ਦੀ ਗੱਲ ਹੈ ਜਦ ਆਪ ਜੀ ਨੂੰ ਨਾਨਕਸਰ ਕਲੇਰਾਂ ਦੀ ਧਰਤੀ 'ਤੇ ਆਇਆਂ ਬਹੁਤਾ ਸਮਾਂ ਨਹੀਂ ਸੀ ਹੋਇਆ। ਛਾਂਗਾ ਸਿੰਘ ਨੂੰ ਬਹੁਤ ਘੱਟ ਗੁਰਬਾਣੀ ਕੰਠ ਸੀ। ਆਗਿਆ ਲੈ ਕੇ ਚਾਲੇ ਪਾ ਦਿੱਤੇ, ਪਰ ਰਾਹ ਵਿੱਚੋਂ ਹੀ ਮੁੜ ਆਏ, ਇਹ ਸੋਚ ਕੇ ਕਿ ਜੇ ਬਿਨਾਂ ਹਾਜ਼ਰੀ ਭਰਿਆਂ ਮੁੜਨਾ ਹੈ ਤਾਂ ਆਉਣ ਦਾ ਕੀ ਲਾਹਾ ਹੋਇਆ। ਜੋ ਸ਼ਬਦ ਉਸਨੂੰ ਕੰਠ ਸਨ, ਉਨ੍ਹਾਂ ਦਾ ਕੀਰਤਨ ਕਰਕੇ ਹਾਜ਼ਰੀ ਲਾਈ ਜਾ ਸਕਦੀ ਸੀ, ਪਰ ਉਸ ਵੇਲੇ ਮਨ ਤੇ ਕੁਝ ਐਸਾ ਅਸਰ ਹੋਇਆ, ਵਾਪਸ ਜਾਣ ਦਾ ਫੈਸਲਾ ਕਰ ਲਿਆ। ਰਾਹ ਵਿੱਚ ਠੰਡੇ ਦਿਮਾਗ ਨਾਲ ਵਿਚਾਰ ਕੀਤਾ ਤਾਂ ਭੁੱਲ ਦਾ ਅਹਿਸਾਸ ਹੋਇਆ। ਮੁੜ ਆਇਆ। ਇਸ ਵਾਰ ਗੁਰਬਾਣੀ ਦਾ ਕੀਰਤਨ ਕੀਤਾ। ਬਾਬਾ ਜੀ ਬਹੁਤ ਪ੍ਰਸੰਨ ਹੋਏ। ਸਮਾਪਤੀ 'ਤੇ ਬਚਨ ਕੀਤਾ, "ਭਾਈ ਕੀਰਤਨ ਤਾਂ ਸਾਡਾ ਆਧਾਰ ਐ। ਨਿਰੋਲ ਕੀਰਤਨ ਭਾਵੇਂ ਦੋ ਵਰ੍ਹੇ ਕਰੀ ਜਾਵੇ ਕੋਈ।"

ਇਹੋ ਕਾਰਨ ਸੀ ਕਿ ਕੀਰਤਨੀਆ ਖਾਸ ਕਰ ਭਾਈ ਸੁਜਾਨ ਸਿੰਘ ਜੀ ਨੂੰ ਕਿਸੇ ਨਾ ਕਿਸੇ ਬਹਾਨੇ ਕਈ-ਕਈ ਦਿਨ ਛੁੱਟੀ ਨਹੀਂ ਸੀ ਮਿਲਿਆ ਕਰਦੀ। ਜੇ ਕਦੇ ਸੂਖਮ ਹਉਮੈਂ ਨੇ ਵੀ ਬਲ ਫੜ ਲੈਣਾ ਤਾਂ ਤਾੜਨਾ ਦਾ ਪ੍ਰਸ਼ਾਦ ਮਿਲਦਾ। ਭਾਈ ਸੁਜਾਨ ਸਿੰਘ ਜੀ ਨੂੰ ਤਾਂ ਇੱਥੋਂ ਤੱਕ ਕਹਿ ਦੇਣਾ, "ਨਾ ਕੀਰਤਨ ਕਰਦੇ ਨੇ, ਨਾ ਜਾਂਦੇ ਨੇ।" ਦੂਜੇ ਪਾਸੇ ਕਿਸੇ ਨਾ ਕਿਸੇ ਬਹਾਨੇ ਰੋਕ ਲੈਣਾ।

ਆਤਮਾ ਸਿੰਘ ਨੂੰ ਦੋ-ਤਿੰਨ ਦਿਨ ਰਹਿਣ ਦਾ ਸੁਭਾਗ ਮਿਲਿਆ। ਇੱਕ ਦਿਨ ਦੀਵਾਨ ਦੀ ਸਮਾਪਤੀ ਤੋਂ ਬਾਅਦ ਪ੍ਰਸ਼ਾਦ ਵਰਤ ਰਿਹਾ ਸੀ। ਇੱਕ ਪ੍ਰੇਮੀ ਛੋਟੀਆਂ ਲਾਚੀਆਂ ਦਾ ਪ੍ਰਸ਼ਾਦ ਲੈ ਕੇ ਆਇਆ ਸੀ। ਬਾਬਾ ਜੀ ਪ੍ਰਸ਼ਾਦ ਹੱਥ ਵਿੱਚ ਲੈ ਕੇ ਖੜ੍ਹੇ ਹੋ ਗਏ। ਸੰਗਤ ਬਾਬਾ ਜੀ ਦੇ ਆਸੇ-ਪਾਸੇ ਖੜ੍ਹੀ ਹੋ ਗਈ। ਆਤਮਾ ਸਿੰਘ ਅਤੇ ਉਸਦਾ ਜੱਥਾ ਪਿੱਛੇ ਖੜ੍ਹੇ ਰਹੇ। ਮਨ ਵਿੱਚ ਨਿਮਰਤਾ ਸੀ ਕਿ ਇੱਥੇ ਇੰਨੇ ਵੱਡੇ-ਵੱਡੇ ਰਾਗੀ ਹਨ, ਸਾਡੀ ਕੀ ਹਸਤੀ ਹੈ। ਉਸਦੇ ਸਾਥੀ ਵੀਰ ਸਿੰਘ ਅਤੇ ਅਰਜਨ ਸਿੰਘ ਵੀ ਨਿਮਰਤਾ ਵਿੱਚ ਸਨ।

ਸਮਾਧ ਵਾਲਾ ਜੱਥਾ ਕਿੱਥੇ ਐ? ਸੱਦੋ ਭਾਈ ਉਨ੍ਹਾਂ ਨੂੰ। ਬਾਬਾ ਜੀ ਨੇ ਬਚਨ ਕੀਤਾ।

ਆਤਮਾ ਸਿੰਘ ਹੋਣਾਂ ਨੂੰ ਅੱਗੇ ਸੱਦਿਆ ਗਿਆ। ਬਾਬਾ ਜੀ ਨੇ ਲਾਚੀਆਂ ਦਾ ਪ੍ਰਸ਼ਾਦ ਸਭ ਤੋਂ ਪਹਿਲਾਂ ਉਨ੍ਹਾਂ ਨੂੰ ਦਿੱਤਾ, ਫਿਰ ਹੋਰਾਂ ਨੂੰ ਵਰਤਾਇਆ। ਦੋ-ਤਿੰਨ ਦਿਨ ਹਾਜ਼ਰੀ ਭਰ ਕੇ ਆਤਮਾ ਸਿੰਘ ਹੋਣੀ ਛੁੱਟੀ ਲੈ ਕੇ ਵਾਪਸ ਚਲੇ ਗਏ।

ਇੱਕ ਦਿਨ ਭਾਈ ਲਛਮਣ ਸਿੰਘ ਬਾਵਾ ਦਰਸ਼ਨਾਂ ਲਈ ਆਇਆ। ਕਲਕੱਤੇ ਤੋਂ ਮੰਗਵਾਇਆ ਰਬਾਬ ਭੇਟ ਕਰਨ ਲਈ ਲੈ ਕੇ ਆਇਆ ਸੀ। ਇਸ ਦਾ ਅਕਾਰ ਕਾਫੀ ਵੱਡਾ ਸੀ।

ਸ਼ਾਮ ਦੇ ਦੀਵਾਨ ਵਿੱਚ ਬਾਬਾ ਜੀ ਨੇ ਉਹ ਰਬਾਬ ਦੀਵਾਨ ਸਥਾਨ 'ਤੇ ਮੰਗਾ ਲਿਆ। ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਬੇਨਤੀ ਕੀਤੀ, "ਨਿਰੰਕਾਰ! ਰਬਾਬ ਭੇਜਿਆ ਈ, ਕੋਈ ਵਜਾਉਣ ਵਾਲਾ ਵੀ ਭੇਜ।"

ਭਾਈ ਕਰਤਾਰ ਸਿੰਘ ਰਾਗੀ ਨੇ ਰਬਾਬ ਵਜਾਉਣ ਦੀ ਆਗਿਆ ਮੰਗੀ, ਭਾਵੇਂ ਉਸਨੂੰ ਰਬਾਬ ਵਜਾਉਣ ਦੀ ਜਾਚ ਨਹੀਂ ਸੀ। ਵਜਾਉਣ ਲੱਗਾ ਤਾਂ ਸੁਰ ਵਿੱਚ ਨਾ ਵੱਜੀ।

"ਇਉਂ ਤੇ ਤੂੰ ਕੀਰਤਨ ਵਿੱਚ ਬੇਰਸੀ ਕਰੇਂਗਾ।" ਬਚਨ ਕਰਦਿਆਂ ਬਾਬਾ ਜੀ ਨੇ ਉਸਨੂੰ ਰੋਕ ਦਿੱਤਾ। ਰਬਾਬ ਅੰਦਰ ਰੱਖ ਦਿੱਤਾ ਗਿਆ।

ਇੱਕ ਦਿਨ ਸ਼ਿਮਲੇ ਤੋਂ ਭਾਈ ਬਲਵੰਤ ਸਿੰਘ ਦਰਸ਼ਨਾਂ ਲਈ ਆਇਆ। ਕਦੇ-ਕਦੇ ਦਰਸ਼ਨਾਂ ਲਈ ਆਇਆ ਕਰਦਾ। ਇਸ ਵਾਰ ਉਸ ਨਾਲ ਉਸਦਾ ਮਿੱਤਰ ਖਜਾਨ ਸਿੰਘ ਵੀ ਸੀ। ਜਦ ਇਹ ਦੋਨੋਂ ਅਪੜੇ ਤਾਂ ਬਾਬਾ ਜੀ ਸੈਰ ਲਈ ਜਾਣ ਲਈ ਬਾਹਰ ਆਏ ਹੋਏ ਸਨ।

"ਇਹ ਕੌਣ ਭਾਈ ਬਲਵੰਤ ਸਿੰਘ?" ਬਾਬਾ ਜੀ ਨੇ ਪੁੱਛਿਆ। "ਇਹ ਜੀ ਮੇਰੇ ਬਹੁਤ ਪੁਰਾਣੇ ਮਿੱਤਰ ਨੇ-ਖਜਾਨ ਸਿੰਘ।" ਬਲਵੰਤ ਸਿੰਘ ਨੇ ਦੱਸਿਆ।

ਖਜਾਨ ਸਿੰਘ ਬਾਬਾ ਜੀ ਦੇ ਚਰਨਾਂ ਤੇ ਝੁਕਿਆ ਤਾਂ ਆਪ ਜੀ ਨੇ ਉਸਦੀ ਬਾਂਹ ਫੜ ਲਈ। ਖਜਾਨ ਸਿੰਘ ਦੇ ਸਰੀਰ ਵਿੱਚ ਇੱਕ ਅਨੋਖੀ ਜਿਹੀ ਝਿਰਨਾਹਟ ਛਿੜ ਪਈ, ਇੱਕ ਮਿੱਠੀ ਜਿਹੀ ਝਿਰਨਾਹਟ। ਸਰੀਰ ਹੌਲਾ ਫੁੱਲ ਪਿਆ ਜਾਪੇ। ਦਿਲ-ਦਿਮਾਗ ਤੇ ਇੱਕ ਅਨੋਖਾ ਜਿਹਾ ਸਰੂਰ ਛਾਇਆ ਹੋਇਆ ਸੀ। ਉਸਦਾ ਹਾਲ ਕੁਝ ਐਸਾ ਸੀ।

*ਜਦ ਨਦਰ ਮੇਹਰ ਦੀ ਪਾਈ।*
*ਫਿਰ ਮਸਤੀ ਜਿਹੀ ਇਕ ਛਾਈ।*
*ਹੈ ਸਭ ਭੁੱਲ ਗਿਆ ਗਰੂਰ।*
*ਛਾਇਆ ਅੰਗ ਅੰਗ ਵਿੱਚ ਸਰੂਰ।*
*ਸੀਨੇ ਠੰਡ ਜਿਹੀ ਵਰਤਾਈ।*
*ਭੋਰਾ ਜਲਨ ਰਹੀ ਨਾ ਕਾਈ।*
*ਇਹ ਦ੍ਰਿਸ਼ਟੀ ਤੈ ਬਦਲੀ ਆਪੇ।*
*ਸਭ ਕੁਝ ਚੰਗਾ ਚੰਗਾ ਜਾਪੇ।*
*ਗੂੰਗੇ ਵਾਲੀ ਮਠਿਆਈ ਖਾਵਾਂ।*
*ਕੀਕੂੰ ਹਾਲ ਮੈਂ ਆਖ ਸੁਣਾਵਾਂ।*
*ਜੇਕਰ ਕਹਾਂ ਨਾ ਕੋਈ ਪਛਾਣੇ।*
*ਜਿਸ ਨਾਲ ਬੀਤੀ ਓਹੀਓ ਜਾਣੇ।*
*ਇਹਨੂੰ ਸ਼ੁਰੂਆਤ ਜੇ ਜਾਣਾ।*
*ਅੱਗੋਂ ਖਬਰੇ ਕੀ ਕੀ ਪਾਣਾ।*
*ਇਹ ਅਹਿਸਾਸ ਸੀਨੇ ਵਿੱਚ ਭਰ ਲੈ।*
*ਖਜਾਨ ਸਿੰਘ ਤੂੰ ਇਸਨੂੰ ਜਰ ਲੈ।*

*—ਚਲਦਾ*

ooo

## ਬੱਚਿਆਂ ਲਈ ਵਿਸ਼ੇਸ਼

ਧੰਨ ਧੰਨ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ 400 ਸਾਲਾ ਪਾਵਨ ਪ੍ਰਕਾਸ਼ ਦਿਵਸ ਨੂੰ ਸਮਰਪਿਤ ਨਵੀਂ ਲਹਿਰ

# 400 ਸਾਲ ਗੁਰ ਇਤਿਹਾਸ ਦੇ ਨਾਲ

ਸਤਿਗੁਰੂ ਜੀ ਦੀ ਕਿਰਪਾ ਨਾਲ ਧੰਨ ਧੰਨ ਸ੍ਰੀ ਗੁਰੂ ਤੇਗ ਬਹਾਦਰ ਜੀ ਮਹਾਰਾਜ ਦੇ 400 ਸਾਲਾ ਪਾਵਨ ਪ੍ਰਕਾਸ਼ ਦਿਵਸ ਦੇ ਸੰਬੰਧ ਵਿੱਚ ਭਾਈ ਸਾਹਿਬ ਭਾਈ ਗੁਰਇਕਬਾਲ ਸਿੰਘ ਜੀ ਵੱਲੋਂ ਨਵੀਂ ਲਹਿਰ "**400 ਸਾਲ ਗੁਰ ਇਤਿਹਾਸ ਦੇ ਨਾਲ**" ਸਿਫਤਿ ਸਾਲਾਹ ਵਿੱਚ ਅੰਕ 136 ਤੋਂ ਸ਼ੁਰੂ ਕੀਤੀ ਗਈ ਹੈ ਜਿਸ ਵਿੱਚ ਗੁਰੂ ਸਾਹਿਬਾਨਾਂ, ਸ਼ਹੀਦ ਸਿੰਘਾਂ ਅਤੇ ਗੁਰੂ ਕੇ ਪਿਆਰਿਆਂ ਦੇ ਜੀਵਨ ਵਿੱਚੋਂ ਪ੍ਰਸ਼ਨ-ਉੱਤਰ ਦੇ ਰੂਪ ਵਿੱਚ ਆਪਣੇ ਗੌਰਵਮਈ ਸਿੱਖ ਇਤਿਹਾਸ ਤੋਂ ਬੱਚਿਆਂ ਨੂੰ ਜਾਣੂੰ ਕਰਵਾਇਆ ਜਾਵੇਗਾ ਤਾਂ ਕਿ ਉਹ ਇਸ ਤੋਂ ਜਾਣੂ ਹੋ ਕੇ ਸੇਧ ਲੈ ਸਕਣ। ਆਪ ਜੀ ਅਸੀਸ ਦੇਣਾ ਤਾਂ ਕਿ ਇਹ ਸੇਵਾ ਹੋ ਸਕੇ।

***ਨੋਟ : ਸਿਫਤਿ ਸਾਲਾਹ ਵਿੱਚ ਪਰਖ ਤੇ ਪ੍ਰਪੱਕਤਾ ਕਾਲਮ ਦੀ ਜਗ੍ਹਾ ਤੇ ਹੁਣ ਪ੍ਰਸ਼ਨ-ਉੱਤਰਾਂ ਦਾ ਇਹ ਨਵਾਂ ਕਾਲਮ ਸ਼ੁਰੂ ਕੀਤਾ ਗਿਆ ਹੈ ਜੀ।***

*ਲੜੀ ਜੋੜਨ ਲਈ ਅੰਕ ਪਿਛਲਾ ਦੇਖੋ ਜੀ :-*

**17. ਪ੍ਰ: ਕਿਹੜੇ ਗੁਰੂ ਸਾਹਿਬ ਜੀ ਨੇ ਆਪ ਖੇਤੀ ਕਰਕੇ ਹੱਥੀਂ ਕਿਰਤ ਕਰਨ ਦੀ ਜਾਚ ਸਿਖਾਈ?**

ਉ: ਧੰਨ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਨੇ।

ਪ੍ਰਿੰਸੀਪਲ ਸਤਿਬੀਰ ਸਿੰਘ ਜੀ ਨੇ ਲਿਖਿਆ ਹੈ ਕਿ ਕਰਤਾਰਪੁਰ ਵਿਖੇ ਗੁਰੂ ਸਾਹਿਬ ਜੀ ਆਪ ਖੇਤੀ ਕਰਦੇ ਸਨ। ਧਰਮ ਦੀ ਕਿਰਤ ਕਰਕੇ ਵੰਡ ਛਕਣਾ ਇਹ ਧੰਨ ਗੁਰੂ ਨਾਨਕ ਦੇਵ ਜੀ ਮਹਾਰਾਜ ਦਾ ਮੁੱਢਲਾ ਅਸੂਲ ਹੈ।

***ਘਾਲਿ ਖਾਇ ਕਿਛੁ ਹਥਹੁ ਦੇਇ ॥***
***ਨਾਨਕ ਰਾਹੁ ਪਛਾਣਹਿ ਸੇਇ ॥੧॥***

*(ਅੰਗ ੧੨੪੫)*

ਸਿੱਖ ਨੇ ਆਪਣੇ ਹੱਥੀਂ ਸੁੱਚੀ ਕਿਰਤ ਕਰਨੀ ਹੈ, ਨਾਮ ਜਪਣਾ ਹੈ ਤੇ ਵੰਡ ਕੇ ਛਕਣਾ ਹੈ।

***ਉਦਮੁ ਕਰੇਦਿਆ ਜੀਉ ਤੂੰ ਕਮਾਵਦਿਆ ਸੁਖ ਭੁੰਚੁ ॥***
***ਧਿਆਇਦਿਆ ਤੂੰ ਪ੍ਰਭੂ ਮਿਲੁ ਨਾਨਕ ਉਤਰੀ ਚਿੰਤ ॥੧॥***

*(ਅੰਗ ੫੨੨)*

ਕਵੀ ਭਾਈ ਸੰਤੋਖ ਸਿੰਘ ਜੀ ਨੇ ਲਿਖਿਆ ਹੈ:

***ਕ੍ਰਿਸ਼ੀ ਕਰਾਵਨ ਲਗੇ ਬਸਾਲਾ।***
***ਦੇਗ ਚਲਾਵਹਿ ਪਰਮ ਕਿਰਪਾਲਾ।***

ooo

**18. ਪ੍ਰ: ਕਿਹੜੇ ਗੁਰੂ ਸਾਹਿਬ ਜੀ ਬਚਪਨ ਵਿੱਚ ਘੁੰਙਣੀਆਂ ਦਾ ਛਾਬਾ ਲੈ ਕੇ ਕਿਰਤ ਕਰਦੇ ਸਨ?**

ਉ: ਧੰਨ ਧੰਨ ਸ੍ਰੀ ਗੁਰੂ ਰਾਮਦਾਸ ਜੀ ਮਹਾਰਾਜ।

ਸੱਤ ਸਾਲ ਦੀ ਉਮਰ ਸੀ ਧੰਨ ਗੁਰੂ ਰਾਮਦਾਸ ਜੀ ਮਹਾਰਾਜ ਦੇ ਮਾਤਾ ਜੀ ਅਤੇ ਪਿਤਾ ਜੀ ਚੜ੍ਹਾਈ ਕਰ ਗਏ। ਘਰ ਦਾ ਸਾਰਾ ਭਾਰ ਸਿਰ ਤੇ ਆ ਪਿਆ। ਛਾਬੜੀ ਲਗਾਉਣ ਦਾ ਮਨ ਬਣਾਇਆ। ਪ੍ਰਿੰਸੀਪਲ ਸਤਿਬੀਰ ਸਿੰਘ ਜੀ ਨੇ ਲਿਖਿਆ ਹੈ ਕਿ ਇੱਕ ਹਾਣੀ ਨੇ ਘੁੰਙਣੀਆਂ ਦਾ ਥਾਲ ਵੀ ਬਣਾ ਦਿੱਤਾ। ਨਾਨੀ ਜੀ ਵੀ ਆਏ ਸਨ ਤੇ ਫਿਰ ਨਾਨੀ ਜੀ ਆਪਣੇ ਨਗਰ ਬਾਸਰਕੇ ਲੈ ਆਏ। ਇਹ 1541 ਦਾ ਵਾਕਿਆ ਹੈ। ਇੱਥੇ ਆ ਕੇ ਵੀ ਘੁੰਙਣੀਆਂ ਦੀ ਕਿਰਤ ਆਰੰਭ ਕਰ ਦਿੱਤੀ। ਤਲਾਬ ਦੇ ਕਿਨਾਰੇ ਆਪ ਜੀ ਛਾਬਾ ਲਗਾ ਲੈਂਦੇ।

ਥੱਕੇ ਟੁੱਟੇ ਰਾਹੀ ਜਦ ਦਰੱਖਤਾਂ ਦੀ ਛਾਂ ਹੇਠ ਅਰਾਮ ਕਰ ਉੱਠਦੇ ਤਾਂ ਕੁਝ ਵਿਕਰੀ ਹੋ ਜਾਂਦੀ। ਲੋੜਵੰਦ ਨੂੰ ਦੇਖ ਕੇ ਦੋ ਬੁੱਕਾਂ ਦੇ ਕੇ ਉਸ ਦੀ ਤ੍ਰਿਪਤੀ ਕਰ ਦਿੰਦੇ। ਭਾਵੇਂ ਜੇਠਾ ਜੀ ਨੇ ਬਾਹਰ ਫੇਰੀ ਲਗਾਉਣ ਲਈ ਕਈ ਵਾਰ ਕਿਹਾ ਪਰ ਨਾਨੀ ਨੇ ਅੱਖਾਂ ਤੋਂ ਓਹਲੇ ਨਾ ਹੋਣ ਦਿੱਤਾ। ਜਿਵੇਂ ਵੀ ਸਮਾਂ ਕੱਟਿਆ ਜਾਣ ਲੱਗਾ ਪਰ ਵਿਹਾਰ ਵਿੱਚ ਸ਼ੁਕਰ-ਸ਼ੁਕਰ ਦੀ ਹੀ ਧੁਨੀ ਨਿਕਲਦੀ ਸੀ। ਜਦੋਂ ਤੀਜੇ ਪਾਤਸ਼ਾਹ ਜੀ ਨੂੰ ਗੁਰਗੱਦੀ ਬਖਸ਼ਿਸ਼ ਹੋਈ ਤੇ ਬਹੁਤ ਸਾਰੀ ਸੰਗਤ ਬਾਸਰਕੇ ਤੋਂ ਸ੍ਰੀ ਗੋਇੰਦਵਾਲ ਸਾਹਿਬ ਆਈ ਕਿਉਂਕਿ ਨਵਾਂ-ਨਵਾਂ ਨਗਰ ਵਸਣਾ ਸੀ ਤੇ ਭਾਈ ਜੇਠਾ ਜੀ ਵੀ ਸੰਗ ਨਾਲ ਸ੍ਰੀ ਗੋਇੰਦਵਾਲ ਸਾਹਿਬ ਆ ਗਏ।

ਵੱਡੀ ਗੱਲ ਇੱਕ ਹੋਰ ਇਹ ਕਿ ਜਦੋਂ ਸ੍ਰੀ ਗੋਇੰਦਵਾਲ ਸਾਹਿਬ ਕਾਰ ਸੇਵਾ ਆਰੰਭ ਹੋਈ, ਭਾਈ ਜੇਠਾ ਜੀ ਕਾਰ ਸੇਵਾ ਵਿੱਚ ਜੁੱਟੇ ਰਹਿੰਦੇ ਪਰ ਜਦੋਂ ਚੌਥੇ ਪਾਤਸ਼ਾਹ ਜੀ ਨੇ ਦੇਖਿਆ ਕਿ ਧੰਨ ਗੁਰੂ ਅਮਰਦਾਸ ਜੀ ਮਹਾਰਾਜ ਆਪ ਕਿਰਤ ਕਰਕੇ ਅਹਾਰ ਮੁੱਖ ਨੂੰ ਲਗਾਉਂਦੇ ਹਨ। ਸੋ ਕਿਰਤ ਨਾ ਛੱਡੀ। ਫਿਰ ਜਦੋਂ ਗੁਰਗੱਦੀ ਬਖਸ਼ਿਸ਼ ਹੋਈ ਤੇ ਇਹ ਸ਼ਬਦ ਉਚਾਰਨ ਕੀਤਾ :

***ਹਮ ਰੁਲਤੇ ਫਿਰਤੇ ਕੋਈ ਬਾਤ ਨ ਪੂਛਤਾ***
***ਗੁਰ ਸਤਿਗੁਰ ਸੰਗਿ ਕੀਰੇ ਹਮ ਥਾਪੇ ॥***

*(ਅੰਗ ੧੬੭)*

ooo

**19. ਪ੍ਰ: ਕੜਾਹ ਪ੍ਰਸ਼ਾਦਿ ਦੀ ਦੇਗ ਦੀ ਅਰੰਭਤਾ ਕਿਹੜੇ ਗੁਰੂ ਸਾਹਿਬ ਜੀ ਨੇ ਕੀਤੀ ਅਤੇ ਕਿਹੜੇ ਸ਼ਹਿਰ ਤੋਂ ਕੀਤੀ?**

ਉ: ਧੰਨ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਨੇ, ਸ੍ਰੀ ਅੰਮ੍ਰਿਤਸਰ ਸਾਹਿਬ ਤੋਂ।

ਭਾਈ ਪਿੰਦਰਪਾਲ ਸਿੰਘ ਜੀ ਨੇ ਆਪਣੀ ਪੁਸਤਕ ਜਿਸਦਾ ਨਾਮ "ਸਿੱਖ ਕੌਮ ਦੇ ਮਹਾਨ ਸ਼ਹੀਦ" ਦੇ ਪੰਨਾ ਨੰ. 91 ਤੇ ਜ਼ਿਕਰ ਕੀਤਾ ਹੈ ਕਿ ਧੰਨ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਭਾਈ ਮਰਦਾਨਾ ਜੀ ਨਾਲ ਸੁਲਤਾਨਪੁਰ ਲੋਧੀ ਤੋਂ ਐਮਨਾਬਾਦ ਜਾਂਦੇ ਸਮੇਂ ਰਸਤੇ ਵਿੱਚ ਦੁਖ ਭੰਜਨੀ ਬੇਰੀ ਸਾਹਿਬ ਵਾਲੇ ਅਸਥਾਨ ਤੇ ਰੁਕੇ। ਇੱਥੋਂ ਨੇੜੇ ਦੇ ਇੱਕ ਪਿੰਡ ਦਾ ਚੌਧਰੀ ਤਾਰਾ ਆਇਆ। ਉਸ ਕੋਲੋਂ ਸਤਿਗੁਰੂ ਜੀ ਨੇ ਤਿੰਨ ਚੀਜ਼ਾਂ ਮੰਗਵਾਈਆਂ: ਘਿਓ, ਖੰਡ ਅਤੇ ਆਟਾ। ਫਿਰ ਬਰਤਨ ਮੰਗਵਾਏ। ਜਲ ਵੀ ਇੱਥੋਂ ਮਿਲ ਗਿਆ ਤੇ ਇਨ੍ਹਾਂ ਤਿੰਨਾਂ ਚੀਜ਼ਾਂ ਨੂੰ ਇੱਕੋ ਮਾਤਰਾ ਨਾਲ ਪਾ ਕੇ ਦੇਗ ਦਾ ਆਰੰਭ ਕੀਤਾ। ਇੱਥੇ ਸਤਿਗੁਰੂ ਧੰਨ ਗੁਰੂ ਨਾਨਕ ਦੇਵ ਜੀ ਮਹਾਰਾਜ ਨੇ ਦੇਗ ਤਿਆਰ ਕੀਤੀ ਅਤੇ ਦੇਗ ਤਿਆਰ ਕਰਨ ਤੋਂ ਬਾਅਦ ਭਾਈ ਮਰਦਾਨਾ ਜੀ ਨੂੰ ਛਕਾਈ ਤੇ ਜਦੋਂ ਭਾਈ ਮਰਦਾਨਾ ਜੀ ਨੇ ਦੇਗ ਛਕੀ, ਫਿਰ ਭਾਈ ਤਾਰਾ ਜੀ ਨੇ ਦੇਗ ਛਕੀ ਤੇ ਭਾਈ ਮਰਦਾਨਾ ਜੀ ਨੇ ਕਿਹਾ, ਬਾਬਾ ਜੀ! ਭੋਜਨ ਤਾਂ ਬੜੇ ਛਕੇ ਹਨ ਪਰ ਇਸ ਦੇ ਵਰਗਾ ਸੁਆਦ ਕੋਈ ਨਹੀਂ। ਆਪ ਜੀ ਕਿਰਪਾ ਕਰੋ, ਇਹ ਭੋਜਨ ਇੰਨਾ ਸੋਹਣਾ ਤੇ ਸੁਆਦ ਤਿਆਰ ਹੋਇਆ ਹੈ ਕਿ ਇਹ ਰੋਜ਼ ਮਿਲੇ। ਧੰਨ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਦੇ ਮੁਖਾਰਬਿੰਦ 'ਚੋਂ ਇਹ ਪਾਵਨ ਬਚਨ ਨਿਕਲਿਆ, ਮਰਦਾਨਿਆ, ਸਮਾਂ ਆਵੇਗਾ ਜਿਸ ਧਰਤੀ ਤੇ ਅਸਾਂ ਅੱਜ ਪਹਿਲੇ ਦਿਨ ਦੇਗ ਤਿਆਰ ਕੀਤੀ ਹੈ, ਇੱਥੇ ਇੱਕ ਮਹਾਨ ਅਸਥਾਨ ਬਣੇਗਾ ਅਤੇ ਇੱਥੇ 24 ਘੰਟੇ ਭੋਗ ਤੇ ਮੋਖ ਦਾ ਪਰਵਾਹ ਚਲਦਾ ਰਹੇਗਾ। ਇਹ ਪਾਵਨ ਅਸਥਾਨ: ਸ੍ਰੀ ਹਰਿਮੰਦਰ ਸਾਹਿਬ, ਸ੍ਰੀ ਅੰਮ੍ਰਿਤਸਰ ਸਾਹਿਬ ਹੈ।

ooo

# ਅਨਮੋਲ ਬਚਨ

## ਧੰਨ ਧੰਨ ਬਾਬਾ ਨੰਦ ਸਿੰਘ ਜੀ

ਲੜੀ ਜੋੜਨ ਲਈ ਪਿਛਲਾ ਅੰਕ ਦੇਖੋ ਜੀ :-

ਸੰਗ੍ਰਹਿ ਕਰਤਾ
-ਸੰਪਾਦਕ

ਕਿਸੇ ਦੀ ਪਿੱਠ ਪਿੱਛੇ ਈਰਖਾ ਵੱਸ ਹੋ ਕੇ ਜਾਂ ਸਵਾਦ ਲੈਣ ਲਈ ਕੀਤੀ ਗਈ ਗੱਲ ਨਿੰਦਿਆ ਹੈ ।

280

ਨਾ ਰਸਨਾ ਨਾਲ ਆਪਣੀ ਉਪਮਾ ਕਰਨੀ ਤੇ ਨਾ ਕੰਨਾਂ ਨਾਲ ਆਪਣੀ ਉਸਤਤਿ ਸੁਣਨੀ, ਇਹ ਨਿਮਰਤਾ ਦੀ ਨਿਸ਼ਾਨੀ ਹੈ ।

281

## ਧੰਨ ਧੰਨ ਬਾਬਾ ਈਸ਼ਰ ਸਿੰਘ ਜੀ ਰਾੜਾ ਸਾਹਿਬ ਵਾਲੇ

—ਭਾਈ ਅਮਰੀਕ ਸਿੰਘ ਗਨੈਸਕ

114 ਗਰਮੀਆਂ ਵਿੱਚ ਧੂਣੀਆਂ ਤਪਾਉਣ ਅਤੇ ਸਰਦੀਆਂ ਵਿੱਚ ਜਲਧਾਰੇ ਕਰਨ ਨਾਲੋਂ ਲਗਨ ਨਾਲ ਗੁਰੂ ਘਰ ਦੀ ਕੀਤੀ ਸੇਵਾ ਦਾ ਮਹਾਤਮ ਕਿਤੇ ਵੱਧ ਕੇ ਹੈ ।

115 ਪੁੰਨਾਂ ਦਾ ਫਲ ਸੁੱਖ ਹੁੰਦਾ ਹੈ । ਨਿਗੁਰਾ ਪੁੰਨ ਕਰੇ ਤਾਂ ਅਗਲੀਆਂ ਜੂਨਾਂ ਵਿੱਚ ਸੁੱਖ ਭੋਗ ਲਵੇਗਾ ਪਰ ਨਿਗੁਰੇ ਦੀ ਗਤੀ ਨਹੀਂ ਹੈ ।

प्रश्न उत्तर

# जिंदगी की बारीकियाँ

गुरु साहिब जी की कृपा और भाई साहिब भाई गुरइकबाल सिंघ जी की प्रेरणा से ज़िंदगी की बारीकियाँ कालम **'सिफति सालाह रसाले'** में पिछले कई वर्षों से प्रकाशित हो रहा है। इस कालम में संगतों द्वारा भाई साहिब जी को समय-समय पर पूछे जाने वाले सवालों के जवाब दिए जाते हैं। इसी कालम की श्रृंखला को आगे जारी रखते हस्तलिखित अंक से भाई साहिब जी के कीर्तन के उन अंशों को सवाल-जवाब के रूप में हू-ब-हू प्रकाशित किया जा रहा है, जिन में से भाई साहिब जी कीर्तन करते संगत को आम रूप में आने वाली दुनियावी और आध्यात्मिक कठिनाई का गुरमति अनुसार समाधान बताते हैं।

*श्रृंखला जोड़ने के लिए 140 अंक देखें-*

**478. प्रश्नः आदरणीय वीर जी, हर समय अंदर की कल्पना बनी रहती है। कोई सूझ प्रदान करो जिससे अंदर के क्लेश की कोई रोकथाम हो? अंदर की कल्पना खत्म हो और जीवन सहज में आए।**

**उत्तरः** अंदर का जो क्लेश है, अंदर की जो कल्पना है, इसके साये में, इसकी अग्नि में सारा संसार जल रहा है। इन्सान की तृष्णा, इन्सान का लोभ यह हर समय अंदर का सिस्टम, अंदर का संतुलन, अंदर का बैलेंस बिगाड़ कर रख देता है। धन्य गुरु नानक महाराज जी ने गुरबाणी द्वारा फुरमाया हैः

***नानक दुखीआ सभु संसारु।।***

*(अंग ६५४)*

सिक्ख इतिहास का अध्ययन करें तो एक बहुत ही प्यारी साखी सामने आती है जिसको पढ़कर यह सूझ मिलती है कि अंदर की कल्पना, क्लेश कैसे दूर हो? हमारे बाबा जी, धन्य गुरु नानक महाराज जी टापुओं में भी गए हैं। वहाँ का राजा शिवनाभ महाराज जी का भगत बना, चरणों का आशिक बना। राजा शिवनाभ एक दिन धन्य गुरु नानक महाराज जी के चरणों में विनती करता है, महाराज जी :

***करहु अपुने बर उपदेसहु।***
***जह ते मिटै जगत कलेसहु।***

कोई इस प्रकार की सूझ प्रदान करो, कोई ऐसा उपदेश दो जिससे अंदर का क्लेश मिट जाए, हृदय की कल्पना मिट जाए। धन्य गुरु नानक महाराज जी ने राजा शिवनाभ का यह संशय सुनकर उसका यह प्रश्न सुनकर उत्तर क्या दिया? महाराज जी कहने लगे, "राजा शिवनाभ! अंदर का क्लेश तब खत्म होगा, जब जीव का मन निर्मल हो जाए।" और मन निर्मल करने के लिए पहला साधन यह है कि तीन तरह

की हिंसा से बचो। राजा शिवनाभ ने पूछा– महाराज! तीन तरह की हिंसा कौन–सी है? सतिगुरु जी ने वर्णन किया– पहली हिंसा है, शरीर से किसी दूसरे को मारना। दूसरी हिंसा है, मन में किसी का बुरा सोचना और तीसरी प्रकार की हिंसा है, अपने मुख में से किसी को ऐसा बोल बोलना जिससे दूसरे का दिल दुखी हो जाए। श्री गुरप्रताप सूरज ग्रंथ में इसका विवरण दिया है:

***पर को बुरा जो चितवना***
***मन दी हिंसा चीन।***
***फिका बोल दुखाइ हंढावै***
***हिंसा बचन इन की कहलावे।***
***तीजी मारन जीवन केरी तिआगे***
***इन को है बिन देरी।***

गुरु जी ने कहा, मन में किसी का बुरा सोचना, फीका बोलकर किसी का दिल दुखाना व किसी को शरीर से मारना, यह तीन प्रकार की हिंसा है। हम संसारी जीव हैं। जीवन में यदि किसी को बुरा बोला जाए, फीका बोला जाए, कभी शर्म न करो, स्वयं उसके पास जाकर माफी मांग लो, जिसको फीका वचन बोला गया है। अपने जीभ के स्वाद के लिए किसी को मारना, यह भी हिंसा का रूप है। इसलिए यदि चाहते हो, अंदर का क्लेश खत्म हो जाए तो पहली युक्ति यह है कि तीन प्रकार की हिंसा से बचकर रहो।

दूसरा, महाराज जी ने वचन किया, हर समय सच साथ रखो और झूठ से दूर रहो। शेष दास यहाँ यह बात स्पष्ट कर दे कि जिस सच से किसी का नुक्सान होता हो, किसी की जान को खतरा हो, वहाँ फिर सच बोलने से संकोच करो।

तीसरा, महाराज जी ने वचन किया, चोरी से सिक्ख बच कर रहे और साथ ही महाराज जी ने यह भी कहा, चोरी दो तरह की है। राजा शिवनाभ ने पूछा, महाराज जी! दो प्रकार की चोरी कौन–सी है? गुरु जी ने प्रत्युत्तर दिया, एक है– तन की चोरी और दूसरी है मन की चोरी। किसी की वस्तु उठा लेना, यह है तन की चोरी। इसी तरह कोई पाप करके उसको छिपा कर रखे, यह मन की चोरी है। कोई पाप करता है और सोचता है किसी को क्या पता। यह है, मन की चोरी।

चौथा, गुरु जी ने वचन किया कि सिक्ख आठ प्रकार की कामवासना से बचकर रहे। आठ प्रकार की कामवासना कौन–सी है? पहली वासना है, बातों का संग, पराए संग से बातें करनी। यह वासना प्रगट करती है। दूसरी वासना है, पराए संग के बारे में मन में गलत सोच धारण करना। तीसरी वासना है, पराए संग के साथ एकांत में बैठना। चौथी वासना है, पराए संग को स्पर्श करना। पाँचवीं वासना है, पराए संग को देखना। छठी वासना है, पराए संग को छूने की वासना। सातवीं वासना है, भोग विलास करना और आठवीं वासना है, रूप को सुरति में बसाना।

गुरु जी ने वचन किया– मेरा सिक्ख ये आठ प्रकार की कामवासना से बच कर रहे। गुरु जी ने बड़े प्यार से राजा शिवनाभ को समझाया, यदि चाहते हो कि अंदर का क्लेश खत्म हो जाए, अंदर की कल्पना खत्म हो जाए तो इसका इलाज यह है कि मन निर्मल हो और मन निर्मल

करने के लिए साधक ये चार साधन जरूर अपनाए।

OOO

**479. प्रश्नः भाई बिशंबर दास जी को गरीबी दूर करने के लिए गुरु कलगीधर पिता जी ने कौन–से छह वचन दिए थे?**

**उत्तरः** दक्षिण दिशा की ओर एक नगर है, जिसका नाम उज्जैन है और इस नगर से एक सिक्ख है। गुरु कलगीधर पिता जी के चरणों में श्री आनंदपुर साहिब आया। गुरु साहिब का दरबार लगा हुआ है। महाराज जी दीवान में हाज़िर हुए। इतिहासकारों ने लिखा है कि जब महाराज जी दरबार में आते थे तो पूरा दरबार ही प्रफुल्लित हो जाता था। पातशाह जी के दर्शनों में ही इतनी कृपा थी कि अनेकों के पाप धुल जाते थे। महाराज जी अपने सिंघासन पर विराजमान हुए। भाई बिशंबर दास जी ने गुरु साहिब के चरणों में दण्डवत वंदना की, नमस्कार की और विनती की, पातशाह जी! मेरा नाम बिशंबर दास है। मैं दक्षिण से उज्जैन नगर से आया हूँ। घर में दरिद्रता बड़ी है, गरीबी बहुत है। घर से बरकत चली गई है। महाराज जी, मैं कौन–सा काम करूँ कि घर में से दरिद्रता निकल जाए, गरीबी दूर हो जाए, बरकत हो जाए।

बाबा नंद सिंघ जी वचन करते थे कि जिस गृहस्थी के पास धन नहीं, वह कौड़ी का नहीं और जो साधु–संत माया से जुड़ा हुआ है, वह भी कौड़ी का नहीं। गृहस्थी को जरूरत है धन की, अतिथि की सेवा के लिए, घर का खर्च चलाने के लिए, भोजन के लिए। वह कौन–सा समय होगा, जब भक्तों ने भी अपनी सच्चाई रखी होगी :

*गोपाल तेरा आरता।।*
*जो जन तुमरी भगति करंते*
*तिन के काज सवारता।।१।। रहाउ।।*
*दालि सीधा मागउ घीउ।।*
*हमरा खुसी करै नित जीउ।।*
*पन्हीआ छादनु नीका।।*
*अनाजु मगउ सत सी का।।१।।*
*गऊ भैस मगउ लावेरी।।*
*इक ताजनि तुरी चंगेरी।।*
*घर की गीहनि चंगी।।*
*जनु धंना लेवै मंगी।।२।।४।।*

*(अंग ६६५)*

भक्त कबीर जी की कमाई पर प्रेम में आकर एक जगह पर भक्त कबीर जी कहते हैः

*भूखे भगति न कीजै।।*
*यह माला अपनी लीजै।।*
*हउ माँगउ संतन रेना।।*
*मै नाही किसी का देना।।१।।*
*माधो कैसी बनै तुम संगे।।*
*आपि न देहु त लवेउ मंगे।। रहाउ।।*
*दुइ सेर माँगउ चूना।।*
*पाउ घीउ संगि लूना।।*
*अध सेरु माँगउ दाले।।*
*मो कउ दोनउ वखत जिवाले।।२।।*
*खाट माँगउ चउपाई।।*
*सिरहाना अवर तुलाई।।*
*ऊपर कउ माँगउ खींधा।।*

*तेरी भगति करै जनु थींधा ।। ३ ।।*
*मै नाही कीता लबो ।।*
*इकु नाउ तेरा मै फबो ।।*
*कहि कबीर मनु मानिआ ।।*
*मनु मानिआ तउ हरि जानिआ ।। ४ ।। ११ ।।*
*(अंग ६५६)*

यहाँ यह भी ध्यान देने वाली बात है कि लोभवश होकर गुरु साहिब से मांग नहीं करनी। लोभवश मांग करना बुरा है। अब किसी के पास अढ़ाई लाख वाली कार है और उसने किसी अन्य की नौ लाख वाली कार देख ली और मन में आ गया कि मेरे पास भी नौ लाख वाली कार हो। यह लोभ है। यह गुरमति अनुसार स्वीकार नहीं।

अब कोई किराये के मकान में रह रहा है और सतिगुरु जी के चरणों में अरदास विनती करता है कि चाहे छोटा ही हो, पर अपनी छत हो। यह अरदास विनती उचित है। बिशंबर दास ने विनती कि कि हे सच्चे पातशाह जी! मेरे घर में दरिद्रता आ गई है, गरीबी आ गई है, बरकत चली गई है। कृपा करो। धन्य गुरु गोबिंद सिंघ जी महाराज ने छह वचन किए। महाराज जी कहने लगे– बिशंबर दास, ये छह वचन मान ले। तेरा घर बरकत से भर जाएगा। गुरु कलगीधर पिता जी ने सूझ प्रदान की। महाराज जी कहने लगे– पहला वचन, बिशंबर दास घर में कोई अलग थैली, बर्तन या डिब्बा लगा ले और दसवंध के रूप में धन गुरु साहिब के नाम पर निकालना है।

दूसरा वचन– प्रभात काल स्नान करना है और तीसरा वचन कहा कि स्नान करके नाम सिमरन का अभ्यास करना है। श्री गुरु प्रताप सूरज ग्रंथ में यह हवाले दर्ज हैं।

***सुनहु बिशंबर कौडीआं नित गुरू हित पांच।***
***जाम नहाईऐ नाम धिआईऐ घर की कीजै कार।***

चौथा वचन महाराज जी ने किया कि घर का कार्य करना है और उतना ही बोलना है जितनी जरूरत है। आजकल इस वचन को कमाने की जरूरत है। इस वचन का पालन करने की आवश्यकता है। मोबाइल का समय चल रहा है। हर कोई इसके वश में है। कोई सफर पर जा रहा है, कई–कई घण्टे इससे ही मस्त रहता है। यदि किसी से फोन पर बात हो रही है तो व्यर्थ ही समय बर्बाद हो रहा है। कितने लंबे समय फोन पर बात चलती है। हमारे कितने श्वास इस तरह व्यर्थ जा रहे हैं और इससे वृति भी टूट रही है। महाराज जी ने चौथा वचन किया है कि जरूरत अनुसार बोलना है और श्वासों की संभाल करनी है।

पाँचवां वचन महाराज जी ने किया कि थोड़ा बोल साचा रोल। साचा रोल से भाव सच ग्रहण कर। हम संसारी जीव हैं पर महाराज जी ने वचन किया जितना सच को ग्रहण कर सकता है, वह ग्रहण कर।

छठा वचन महाराज जी ने किया, सत्संग संभाल। सत्संग का समय संभालना है। श्री गुरु प्रताप सूरज ग्रंथ में यह हवाला दर्ज है। महाकवि भाई संतोख सिंघ जी ने वह समय सुंदर लिखा है:

*–शेष पन्ना 51 पर पढ़ो जी*

# पटना साहिब से चमकौर साहिब तक शहीद बाबा संगत सिंघ जी का संक्षिप्त सर्वेक्षण

*–कवि स्वर्ण सिंघ भौर, सिक्ख मिशनरी*

संसार में कुछ ऐसी हस्तियाँ आती हैं, जो अपने पुरखों को व आने वाली सलतनत को अमर कर जाती हैं। श्री गुरु रामदास जी ने जब गुरु का चक्क बसाया, तब सतिगुरु जी के दर्शन करने के लिए देश–देशांतर की संगत दसवंध की भेट गुरु दरबार में लेकर आती और गुरु कृपा की पात्र बनती। भाई जरनैल सिंघ जी संगत सहित दसवंध की भेंट लेकर आए और गुरु घर के लिए कपड़ा बुनकर कपड़े का थान गुरु घर भेट किया। इनकी सेवा से खुश होकर धन्य गुरु रामदास जी ने वचन किया– मेरे नाम से जाने जाते रामदासिए सिक्ख गुरु दर परवान हो गए हैं। इनकी सांझ गुरु नानक साहिब के घर के साथ पुश्तों तक बनी रहेगी और संगत को सिरोपा की बख्शिश की। संगत में से प्रमुख सिक्ख भाई जरनैल सिंघ जी थे जो भाई संगत सिंघ जी के पूर्वजों के तौर पर प्रसिद्ध हैं। धन्य गुरु अर्जुन देव जी की शहादत के उपरांत धन्य गुरु हरिगोबिंद साहिब जी ने गुरुता की जिम्मेदारी संभालकर मीरी–पीरी धारण की। संगत श्री गुरु हरिगोबिंद साहिब जी को 'खड़गधारी' कहती थी। सतिगुरु जी ने हुक्मनामे संगतों को भेजे और कहा, संगतें अच्छे तोहफों की बजाय घोड़े व शस्त्र भेंट करें, सिक्ख स्वयं भी हथियारबंद होकर गुरु दरबार के दर्शन के लिए आएँ। संगतें देश के कोने–कोने से जत्थों के रूप में गुरु हरिगोबिंद साहिब के पास आकर अपनी सेवा पेश करतीं। कुछ सिक्खों के दिल में श्रद्धा के स्रोत ही थे। गरीब होने के नाते केवल अपने प्राण ही भेंट के रूप में हाज़र करते थे। (गुरबिलास पातशाही छेवीं, पन्ना 143) मैकालिफ रूपमान करते हैं–

*'हम अनाथ सिर भेटा कीने,*
*दया करयो कहि दीने।'*

जालंधर से होशियारपुर रोड पर गाँव जंडू सिंघा है। इस गाँव में धन्य गुरु हरिगोबिंद साहिब जी के दर्शन करने के लिए भाई सुधा व भाई बुधा जी और संगतों के साथ आए। रामदासिए सिक्ख भी हाज़र हुए। सपरोड़ खेड़ी के भाई भानू जी भी शामिल हुए। भाई भानू जी भाई संगत सिंघ जी के दादा जी थे, जिन्होंने सिक्खी के स्कूल में दाखिल होने के लिए अपना सिर तली पर रखकर इन वाक्यों को समर्पित होकर इनको परवान करते हुए पढ़ा :

***मरणु मुणसा सूरिआ हकु है***
***जो होइ मरनि परवाणो।।***

*(अंग ५७६)*

***जो सूरा तिस ही होइ मरणा।।***

*जो भागै तिसु जोनी फिरणा ।।*

*(अंग १०१६)*

बाबा संगत सिंघ जी के पूर्वज पुराने जमाने में गाँव बंगा में रहते थे जो जालंधर ज़िला के फगवाड़ा के क्षेत्र गाँव खेड़ी सपरोड़ के वासी थे। आप को बंगेसर नाम से भी पुकारते थे। यह रामदासिए सिक्ख जब खण्डे–बाटे की पाहुल लेकर तैयार बर तैयार हो गए तो मुगल शासकों ने इनकी बाबत औरंगजेब को सारी कहानी जाकर बताई। हकूमत ने एक खास फतवा जारी करके इनकी जायदाद जब्त करके इनको बागी करार दे दिया। गाँव खेड़ी को जालिम हकूमत ने बेरहमी से नष्ट कर दिया जो आज भी थेह की शक्ल में देखा जा सकता है। रामदासिए सिक्खों ने धन्य गुरु हरिगोबिंद साहिब जी की शरण में चार युद्धों में बहादुरी के जौहर दिखाते हुए शत्रुओं को करारे हाथ दिखाए। बाबा संगत सिंघ जी के खानदान से संबंधित बहुत सारे गुरसिक्ख गाँव खेड़ी से उजड़ कर आए आज भी चक्क गुरु जंडाली, खोथड़ा, रुड़का, खुरद आदि गाँवों में गुरु पंथ की सेवा को समर्पित हैं। जब श्री गुरु हरिकृष्ण साहिब जी को दिल्ली में ज्योति ज्योत समाते समय गुरसिक्खों ने विनती की, गरीब निवाज सतिगुरु जी, आपके उपरांत सिक्ख कौम का कौन नेतृत्व करेगा तो आठवें पातशाह जी ने सिक्खों को धैर्य देकर कहा, बाबा बकाले में है जो हमारे बाद सिक्ख कौम के नवम् गुरु होंगे। बहुत सारे सोढी, रामराईए, धीरमलिए बाबा बकाला में गुरु बन बैठे थे जब भाई मक्खन शाह लुबाना ने धन्य गुरु तेग बहादर साहिब जी को प्रकट किया। संगतें गुरु–दर्शनों को आतीं।

भाई रणिआ जी भी अपनी धर्मपत्नी बीबी अमरो के साथ बाबा बकाला पहुँच कर गुरु–परिवार की सेवा में जुट गए। कुछ समय के उपरांत धन्य गुरु तेग बहादर साहिब जी ने 19 जून सन् 1665 (21 आषाढ़, 1722 बिक्रमी) को माखोवाल का थेह कहिलूर के राजा को मूल्य देकर लिया और बाबा बुड्ढा साहिब जी के पोते बाबा गुरदिता जी से नींव रखवा कर गुरु जी ने अपनी माता नानकी जी के नाम से 'नानकी चक्क' रखा। तदुपरांत श्री गुरु गोबिंद सिंघ जी महाराज ने इसका नाम 'श्री आनंदपुर साहिब' रखा जो अब तक प्रचलित है। इस नगर में बहुत सारे लोग कारोबार के लिए आ बसे। भाई रणिआ जी अपनी पत्नी सहित गुरु–सेवा में जुट गए। बीबी अमरो जी बतौर टहलन माताओं की सेवा करते। भाई रणिआ जी गुरु के लंगर के लिए ईंधन व जल की सेवा करके गुरु घर की खुशियों के पात्र बनते। यह मनुष्य के सर्वपक्षीय व्यक्तित्व के निर्माण का सिद्धांत है। गुरबाणी का फुरमान हैः

*उदमु करेदिआ जीउ तूं*
*कमावदिआ सुख भुंचु ।।*
*धिआइदिआ तूं प्रभू मिलु*
*नानक उतरी चिंत ।।१।।*

*(अंग ५२२)*

धन्य श्री गुरु तेग बहादर साहिब जी ने सिक्खी के प्रचार के लिए यात्रा आरंभ की जिसमें माता नानकी जी, माता गुजरी जी, मामा कृपाल चंद जी, दीवान दुर्गा मल आदि सिक्खों के साथ भाई रणिआ जी व बीबी अमरो जी गुरु–घर के सेवक के रूप में शामिल हुए थे। आप ने प्रचार

के तौर पर मालवा देश के बांगर क्षेत्र, मथुरा, कुरुक्षेत्र, आगरा, कानपुर, इलाहाबाद आदि अनेक तीर्थों की यात्रा की। स्त्री के सोलह श्रृंगार पुत्र के बिना अधूरे हैं। औरत की बड़ी रीझ एक पुत्र की माँ बनने से पूरी होती है। लगभग 43 साल की आयु तक माता गुजरी जी ने अपने पति की सेवा करते बड़े संयम से व्यतीत किए। कहना आसान है पर ऐसा संयम निभाना बड़ा कठिन है। त्रिवेणी ठहरते समय माता गुजरी जी को ईश्वर के हुक्म से पुत्र–प्राप्ति की आशा पूर्ण हुई। धन्य गुरु तेग बहादर महाराज जी इलाहाबाद से चलकर मिर्जापुर, बनारस, ससराम, बौद्ध, गया स्थानों पर प्रचार करते हुए पटना के पवित्र नगर पहुँचे। वहाँ परिवार की जिम्मेदारी माता नानकी जी, मामा कृपाल चंद जी को सौंप कर ढाका असाम के दौरे पर चले गए। पटना नगर में ही बाल गोबिंद राय जी का जन्म हुआ। 23 पोष 1723 बिक्रमी, 22 दिसंबर सन् 1666 ई॰ रविवार महाराज अपनी आत्म कथा बचित्र नाटक में रूपमान करते हैं:

***तही प्रकाश हमारा भयो।।***
***पटना शहर बिखै भव लयो।।***

पटना नगर में चार महीने के बाद 28 वैसाख 1724 बिक्रमी को बीबी अमरो जी की पावन कोख से भाई रणिआ जी के घर एक बालक ने जन्म लिया जिसका नाम चाव से 'संगता' रखा। संगते की शक्ल बाल श्री गोबिंद राय जी से इतनी मिलती थी कि एक दिन रानी मैनी को भ्रम में डालने के लिए बाला प्रीतम जी ने भाई संगते को आगे कर दिया, तदुपरांत स्वयं भी रानी के पास पहुँच गए। रानी ने दोनों को गोद में लेकर दोनों के मस्तक चूमे और कहा, आज से दोनों ही मेरे प्यारे पुत्र हो। कई बार बाला प्रीतम नकली लड़ाई करने के लिए दो टोलियाँ बनाकर एक टोली का नेता संगते को नियुक्त कर देते और एक टोली के स्वयं नेता बनते और इस प्रकार मित्रों को युद्ध का प्रशिक्षण देते रहते।

धन्य गुरु तेग बहादर जी असाम से होते हुए कलकत्ता में संगत को दर्शन देते हुए वापिस पटना नगर आए। संगत ने बड़ी श्रद्धा से सतिगुरु का स्वागत किया। फिर आगे बढ़कर गुरु साहिब ने माता नानकी जी के चरणों पर माथा टेका और आशीष ली। बालक के जन्म की खुशी में बधाई दी। माता गुजरी जी ने अपने स्वामी सतिगुरु जी के चरण स्पर्श किए। साहिबज़ादे गोबिंद राय जी ने पिता जी के चरणों पर माथा टेका। पिता सतिगुरु जी ने बाला प्रीतम जी को छाती से लगाकर पंचम पातशाह श्री गुरु अर्जुन देव जी महाराज के ऐतिहासिक व पवित्र वचन दुहराते हुए कहा:

***जंमिआ पूतु भगतु गोविंद का।।***
***प्रगटिआ सभ महि लिखिआ धुर का।।रहाउ।।***

*(अंग ३६६)*

धन्य गुरु तेग बहादर साहिब जी पटना से संगत को दर्शन देते हुए श्री आनंदपुर साहिब आ गए। संगतें दर्शन करके निहाल होती व बाला प्रीतम जी के दर्शन करने के लिए विनती करतीं। धन्य गुरु तेग बहादर साहिब जी का हुक्म आ गया कि पूरा परिवार श्री आनंदपुर साहिब आ

जाए। हुक्म सुनकर तैयारी होने लगी, चलने का समय आ गया। राजा फतेह चंद व उसकी रानी ने अश्रुपूर्ण नेत्रों से कहा, लाल जी! मोह पैदा कर छोड़ चले हो, हमारा मन कैसे लगेगा? बाल गोबिंद राय जी ने रानी के गले में बाहें डालकर कहा, माता जी! हमारे मित्रों को बिठाकर चना–पूरी खिलाया करो और हम आपको उन में नज़र आएँगे। माता जी! पुत्र माता से दूर नहीं होते। नवाब रहीम बख्श व करीम बख्श ने सिर झुकाकर कहा, बाला प्रीतम जी! हमारा क्या होगा? गुरदेव ने कहा– ईश्वर एक रूप है। पाठ, नमाज अलग–अलग भाषाओं में प्रभु की उस्तति है। जब आप नमाज पढ़ोगे तो आपको हमारे दर्शन होंगे। पंडित शिव दत्त को यही उपदेश दिया– आप जब समाधि लगाओगे हम कृष्ण रूप में दृष्टिपात करेंगे। पटना से चलते समय पूरे नगर के लोगों ने एकत्र होकर विनती की, बाला प्रीतम जी! दोबारा कब दर्शन प्रदान करोगे? सब को संबोधन करके बाल गोबिंद राय जी ने अभिनंदन वचन इस प्रकार कहे? बाल गोबिंद राय जी कहने लगे:

*हमें विदा कर घर को जाओ सारे!*
*अंग–संग हम सदा आपके हैं,*
*वचन मानकर भ्रम मिटाओ सारे!*
*नाम जपना धर्म की कृत करके*
*बांट कर खाने की रीत चलाओ सारे!*
*हाज़र–नाज़र ही समझना आप 'भौरा'।*
*जीवन सुखों के साथ बिताओ सारे!*

पटना से रवाना होकर पहला पड़ाव दानापुर किया। एक माता ने घी वाली खिचड़ी बनाकर संगत को खिलाई तो बाला प्रीतम जी ने वर दिया– माता जी जब पकवान पका कर अरदास किया करोगे, आपको हमारे दर्शन प्राप्त होंगे। वहाँ हांडी साहिब गुरुद्वारा सुशोभित है। दानापुर से बनारस, मिर्जापुर, इलाहाबाद, अयोध्या, लखनऊ, कानपुर, मथुरा व अन्य अनेक स्थानों के दर्शन करके 6 महीने के अधिक समय श्री आनंदपुर साहिब आने तक लग गए। भाई संगत सिंघ जी भी अपने माता–पिता सहित गुरु–परिवार संग आनंदपुर आ गए।

बाला प्रीतम जी ने दुखी पंडितों की फरियाद सुनकर कहा–पिता जी, इन बेसहारों का आसरा बनकर कुर्बानी दो। धन्य गुरु तेग बहादर साहिब जी की सारी चिंता दूर हो गई। पुत्र के वचन सुनकर गुरु जी ने पण्डितों को हुक्म किया, आप जाओ, अब यह जिम्मेदारी हम निभाएँगे। हिन्दू धर्म की खातिर धन्य गुरु तेग बहादर जी ने संवत 1723 बिक्रमी 11 नवंबर सन् 1675 ई॰ को शहीदी प्राप्त कर नितानों के तान बने। श्री गोबिंद राय जी ने गुरता की जिम्मेदारी संभालकर कई मुश्किलों का सामना करते हुए जाति–पाति के भेदभाव को खत्म करते हुए, 1 वैसाख 1755 बिक्रमी को खालसा पंथ की सृजना की। हजारों संगतों को खण्डे की पाहुल देकर खालसा पंथ का निर्माण किया। भाई संगते ने भी अमृत की दात प्राप्त की और भाई संगत सिंघ जी बने। आपके पिता भाई रणिआ जी व चाचा जोध जी, बीबी अमरो जी व आपके भाई संता जी ने भी अमृत की दात प्राप्त की। परिवार के सारे सदस्य सिंघ सुशोभित हो गए। भाई संगत सिंघ जी ने गुरु साहिब की शरण में रहकर शस्त्र

